World Punjabi News Network
WORLD PUNJABI NEWS
ਪੰਜਾਬੀ | پنجابی
ਲੋਕ ਹਿੱਤ ਵਿੱਚ ਪੱਤਰਕਾਰੀ
@worldpunjabinews
@worldpunjabinewstv
@wpunjabinews
@worldpunjabinews
@worldpunjabinews



# ਗਾਜ਼ੀਪੁਰ ਬਾਰਡਰ 'ਤੇ ਮਿਲਖਾ ਸਿੰਘ ਯਾਦਗਾਰੀ ਮੈਰਾਥਨ ਦੌੜ, ਟਿਕੈਤ ਸਣੇ ਕਈ ਕਿਸਾਨ ਨੇਤਾਵਾਂ ਨੇ ਹਿੱਸਾ ਲਿਆ



**ਨਵੀਂ ਦਿੱਲੀ।** ਮਹਾਨ ਦੌੜਾਕ ਮਿਲਖਾ ਸਿੰਘ ਦੀ ਯਾਦ ਵਿੱਚ ਅੱਜ ਸਵੇਰੇ 6 ਵਜੇ ਤੋਂ ਕਿਸਾਨ ਮਜ਼ਦੂਰ ਮੈਰਾਥਨ ਦੌੜ ਗਾਜ਼ੀਪੁਰ ਕਿਸਾਨ ਮੋਰਚੇ 'ਤੇ ਕਰਵਾਈ ਗਈ। ਮਿਲਖਾ ਸਿੰਘ ਯਾਦਗਾਰੀ ਦੌੜ ਸਟੇਜ ਤੋਂ ਸ਼ੁਰੂ ਹੋ ਕੇ ਅੰਦੋਲਨ ਵਾਲੀ ਜਗ੍ਹਾ ਦੇ ਗੇਟ ਨੰਬਰ ਇਕ ਰਾਹੀਂ ਸਟੇਜ 'ਤੇ ਖ਼ਤਮ ਹੋਈ। ਜੇਤੂਆਂ ਨੂੰ ਕਿਸਾਨ ਆਗੂਆਂ ਵੱਲੋਂ ਸਨਮਾਨਿਤ ਕੀਤਾ ਗਿਆ। ਦੌੜ 'ਚ ਰਾਕੇਸ਼ ਟਿਕੈਤ ਸਮੇਤ ਮੋਰਚੇ ਵਿੱਚ ਸ਼ਾਮਲ ਕਿਸਾਨਾਂ ਤੇ ਨੌਜਵਾਨਾਂ ਨੇ ਹਿੱਸਾ ਲਿਆ। ਮਿਲਖਾ ਸਿੰਘ ਦੀ ਕਰੋਨਾ ਕਰਕੇ ਚੰਡੀਗੜ੍ਹ ਵਿਖੇ ਹਸਪਤਾਲ 'ਚ ਮੌਤ ਹੋ ਗਈ ਸੀ। ਇਸ ਤੋਂ ਪਹਿਲਾਂ ਉਨ੍ਹਾਂ ਦੀ ਪਤਨੀ ਨੂੰ ਵੀ ਕਰੋਨਾ ਕਰਕੇ ਜ਼ਿੰਦਗੀ ਤੋਂ ਹੱਥ ਧੋਣੇ ਪਏ ਸਨ। ਬੁਲਾਰਾ ਸੰਯੁਕਤ ਕਿਸਾਨ ਮੋਰਚਾ ਗਾਜ਼ੀਪੁਰ ਬਾਰਡਰ ਜਗਤਾਰ ਸਿੰਘ ਬਾਜਵਾ ਨੇ ਕਿਹਾ ਕਿ ਗਾਜ਼ੀਪੁਰ ਅੰਦੋਲਨ ਵਾਲੀ ਜਗ੍ਹਾ 'ਤੇ ਹੋਈ ਬੈਠਕ ਵਿਚ ਇਹ ਫੈਸਲਾ ਲਿਆ ਗਿਆ ਕਿ ਸੋਮਵਾਰ 5 ਜੁਲਾਈ ਨੂੰ ਬਾਲਮੀਕੀ ਭਾਈਚਾਰੇ ਦੇ ਲੋਕ ਗਾਜ਼ੀਪੁਰ ਕਿਸਾਨ ਅੰਦੋਲਨ ਦੇ ਸਟੇਜ ਸੰਚਾਲਨ ਲਈ ਪੂਰੀ ਤਰ੍ਹਾਂ ਜ਼ਿੰਮੇਵਾਰੀ ਲੈਣਗੇ।

## ਸਿੰਘੂ ਬਾਰਡਰ 'ਤੇ ਪੁੱਜੇ ਸੀਟੂ ਨਾਲ ਸਬੰਧਤ ਜਥੇਬੰਦੀਆਂ ਦੇ ਜਥੇ





**ਨਵੀਂ ਦਿੱਲੀ।** ਸੰਯੁਕਤ ਕਿਸਾਨ ਮੋਰਚੇ ਦੇ ਅੰਦੋਲਨ ਨੂੰ ਅੱਜ ਉਸ ਸਮੇਂ ਭਾਰੀ ਸਮਰਥਨ ਮਿਲਿਆ, ਜਦੋ ਸੈਂਟਰ ਆਫ ਟਰੇਡ ਯੂਨੀਅਨ(ਸੀਟੂ) ਨਾਲ ਸਬੰਧਤ ਜਥੇਬੰਦੀਆ ਦੇ ਮਜ਼ਦੂਰ ਮਾਰਚ ਕਰਦੇ ਹੋਏ ਸਿੰਘੂ ਮੋਰਚੇ ਤੇ ਪੰਡਾਲ ਵਿੱਚ ਪੁੱਜੇ। ਇਸ ਦੀ ਅਗਵਾਈ ਸੀਟੀਯੂ ਪ੍ਰਧਾਨ ਵਿਜੇ ਮਿਸ਼ਰਾ, ਜਨਰਲ ਸਕੱਤਰ ਨੱਥਾ ਸਿੰਘ, ਜੁਇੰਟ ਸਕੱਤਰ ਦੇਵ ਰਾਜ ਵਰਮਾ, ਪੰਜਾਬ ਨਿਰਮਾਣ ਮਜ਼ਦੂਰ ਯੂਨੀਅਨ ਪ੍ਰਧਾਨ ਗੰਗਾ ਪ੍ਰਸਾਦ, ਲਾਲ ਝੰਡਾ ਪੰਜਾਬ ਭੱਠਾ ਲੇਬਰ ਯੂਨੀਅਨ ਦੇ ਜਨਰਲ ਸਕੱਤਰ ਸ਼ਿਵ ਕੁਮਾਰ, ਮਨਰੇਗਾ ਵਰਕਰਜ਼ ਯੂਨੀਅਨ ਆਗੂ ਗੁਰਮੇਲ ਕੌਰ ਨੇ ਕੀਤੀ। ਮੋਰਚਾ ਵੱਲੋ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੂਬਾਈ ਜਨਰਲ ਸਕੱਤਰ ਕੁਲਵੰਤ ਸਿੰਘ ਸੰਧੂ ਅਤੇ ਸੂਬਾਈ ਪ੍ਰੈਸ ਸਕੱਤਰ ਪਰਗਟ ਸਿੰਘ ਜਾਮਾਰਾਏ ਨੇ ਜੱਥਿਆ ਦਾ ਨਿੱਘਾ ਸਵਾਗਤ ਕੀਤਾ। ਮਜ਼ਦੂਰ ਆਗੂਆ ਨੇ ਸੰਘਰਸ਼ ਦੀ ਜਿੱਤ ਤੱਕ ਲਗਾਤਾਰ ਸਮਰਥਨ ਜਾਰੀ ਰੱਖਣ ਦਾ ਐਲਾਨ ਕੀਤਾ। ਇਸ ਮੌਕੇ ਜਗਤਾਰ ਸਿੰਘ ਕਰਮਪੁਰਾ, ਹਰੀ ਸਿੰਘ ਪਟਿਆਲਾ, ਜਗਦੀਸ਼ ਚੰਦਰ, ਜਸਵੰਤ ਸਿੰਘ ਬੁੱਟਰ, ਤਿਲਕ ਰਾਜ, ਗੁਰਦੀਪ ਕਲਸੀ,ਬਲਵਿੰਦਰ ਸਿੰਘ ਭਲੱਥ ਹਾਜ਼ਰ ਸਨ।

## ਪੰਜਾਬ 'ਚ ਬਿਜਲੀ ਸੰਕਟ ਹੋਰ ਡੂੰਘਾ ਹੋਇਆ: ਬਣਾਂਵਾਲਾ ਤਾਪ ਘਰ ਦਾ ਦੂਜਾ ਯੂਨਿਟ ਵੀ ਬੰਦ

**ਮਾਨਸਾ।** ਬਿਜਲੀ ਸੰਕਟ ਨਾਲ ਜੂਝ ਰਹੇ ਪੰਜਾਬ ਨੂੰ ਹੁਣ ਗੰਭੀਰ ਹਾਲਾਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਕਿਉਂਕਿ ਬਣਾਂਵਾਲਾ ਤਾਪ ਘਰ ਦਾ ਦੂਸਰਾ ਯੂਨਿਟ ਬੀਤੀ ਅੱਧੀ ਰਾਤ ਨੂੰ ਟਰਿੱਪ ਕਰ ਗਿਆ ਹੈ। ਇਸ ਤੋਂ ਪਹਿਲਾਂ ਇਸ ਤਾਪ ਘਰ ਦਾ ਇੱਕ ਯੂਨਿਟ ਪਹਿਲਾਂ ਹੀ ਕੋਈ ਵੱਡਾ ਨੁਕਸ ਪੈਣ ਕਾਰਨ ਝੋਨੇ ਦੀ ਲਵਾਈ ਦਾ ਸੀਜ਼ਨ ਸ਼ੁਰੂ ਹੋਣ ਵੇਲੇ ਤੋਂ ਹੀ ਬੰਦ ਹੈ। ਪ੍ਰਾਈਵੇਟ ਭਾਈਵਾਲੀ ਤਹਿਤ ਵੇਦਾਂਤਾ ਕੰਪਨੀ ਵਲੋਂ ਮਾਨਸਾ ਨੇੜੇ ਪਿੰਡ ਬਣਾਂਵਾਲਾ ਵਿਖੇ ਲਾਇਆ ਉਤਰੀ ਭਾਰਤ ਦਾ ਇਹ ਸਭ ਤੋਂ ਵੱਡਾ ਤਾਪਘਰ ਹੈ, ਜਿਸ ਦੇ ਤਿੰਨੇ ਯੂਨਿਟਾਂ ਦੀ ਕੁੱਲ ਸਮਰੱਥਾ 1980 ਮੈਗਾਵਾਟ ਦੀ ਹੈ ਅਤੇ ਇਸ ਦੇ 680 ਮੈਗਾਵਾਟ ਦੇ ਤਿੰਨ ਯੂਨਿਟ ਹਨ।

ਇਸ ਵੇਲੇ ਇਹ ਤਾਪ ਘਰ ਤਲਵੰਡੀ ਸਾਬੋ ਪਾਵਰ ਲਿਮਟਿਡ ( ਟੀਐੱਸਪੀਐੱਲ) ਉੱਤਰੀ ਗਰਿੱਡ ਨੂੰ ਸਭ ਤੋਂ ਜ਼ਿਆਦਾ 1178 ਮੈਗਾਵਾਟ ਬਿਜਲੀ ਸਪਲਾਈ ਕਰ ਰਿਹਾ ਸੀ। ਇਸ ਤਾਪ ਘਰ ਦਾ ਯੂਨਿਟ ਨੰਬਰ-1 ਅੱਧੀ ਰਾਤ ਨੂੰ ਅਚਾਨਕ ਟਰਿੱਪ ਕਰ ਗਿਆ, ਜਿਸ ਦੀ ਜਾਣਕਾਰੀ ਜਿਉਂ ਹੀ ਉਚ ਪ੍ਰਬੰਧਕਾਂ ਨੂੰ ਮਿਲੀ ਤਾਂ ਉਨ੍ਹਾਂ ਨੇ ਇਸ ਦੀ ਦਰੁਸਤੀ ਲਈ ਤੁਰੰਤ ਉਪਰਾਲੇ ਆਰੰਭ ਕਰ ਦਿੱਤੇ ਹਨ। ਤਾਪ ਘਰ ਦੇ ਉੱਚ ਅਧਿਕਾਰੀ ਦਾ ਕਹਿਣਾ ਹੈ ਕਿ ਇੱਕ ਨੰਬਰ ਯੂਨਿਟ ਦੀ ਟਿਊਬ ਵਿੱਚ ਕੋਈ ਤਕਨੀਕੀ ਨੁਕਸ ਪੈ ਗਿਆ ਹੈ, ਜਿਸ ਦੇ ਪਾਣੀ ਨੂੰ ਠੰਢਾ ਕੀਤਾ ਜਾ ਰਿਹਾ ਹੈ, ਅਤੇ ਜਿਉਂ ਇਹ




ਠੰਢਾ ਹੁੰਦਾ ਹੈ ਤਾਂ ਨੁਕਸਾਨੀ ਟਿਊਬ ਨੂੰ ਠੀਕ ਕਰਕੇ ਮੁੜ ਚਾਲੂ ਕਰ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਦੇ ਛੇਤੀ ਹੀ ਠੀਕ ਹੋ ਕੇ ਬਿਜਲੀ ਉਤਪਾਦਨ ਪੈਦਾ ਕਰਨ ਦੀ ਵੱਡੀ ਉਮੀਦ ਹੈ।ਅਧਿਕਾਰੀ ਦਾ ਇਹ ਵੀ ਕਹਿਣਾ ਹੈ ਕਿ ਤੀਸਰੇ ਯੂਨਿਟ ਨੂੰ ਠੀਕ ਕਰਨ ਲਈ ਗੁਜਰਾਤ ਭੇਜਿਆ ਗਿਆ ਹੈ, ਜਿਸ ਦੇ ਇੱਕ ਹਫ਼ਤੇ ਤੱਕ ਚਾਲੂ ਹਾਲਤ ਵਿੱਚ ਹੋਣ ਦੀ ਉਮੀਦ ਕੀਤੀ ਜਾ ਰਹੀ ਹੈ।

OUR PARTNERS IN PROMOTION
WORLD PUNJABI NEWS NETWORK
whitecloud.in WHITECLOUD INTERNATIONAL
WEB PRESENCE PROVIDER
SmartBrainz EXPLORE. CHOOSE. BUY.
TECHNOLOGY PROVIDER
WORLD PUNJABI NEWS NETWORK
NEWS & MEDIA PARTNER
ADVERTISE WITH US
+91 98155 88388
worldpunjabinews@gmail.com

# ਅੰਦਰੂਨੀ ਖਾਲੀਪਣ ਅਤੇ 'ਰੂਹ' ਦੀ ਸਨਅਤ



ਇੰਜ ਪ੍ਰਤੀਤ ਹੋ ਰਿਹਾ ਹੈ ਜਿਵੇਂ ਅਸੀਂ ਝਟਾਪਟੀ ਅਤੇ ਤੁਰਤ-ਫੁਰਤ ਖਪਤਵਾਦ ਦੇ ਕਿਸੇ ਯੁੱਗ ਵਿਚ ਜੀਅ ਰਹੇ ਹਾਂ। ਮਕਡੋਨਲਡ ਦਾ ਬਰਗਰ ਹੋਵੇ, ਸਟਾਰਬੱਕ ਕੌਫ਼ੀ ਦਾ ਕੱਪ ਹੋਵੇ, ਟਵਿੱਟਰ ਦਾ ਕੋਈ ਸੁਨੇਹਾ ਜਾਂ ਫਿਰ ਯੂਟਿਊਬ 'ਤੇ ਕੋਈ ਸਿਆਸੀ ਵਿਅੰਗ- ਹਰ ਇਕ ਚੀਜ਼ ਇੰਨੀ ਤੇਜ਼ੀ ਨਾਲ ਉਪਜ ਤੇ ਸੜ੍ਹਾਕੀ ਜਾ ਰਹੀ ਹੈ ਕਿ ਇਸ ਦਾ ਕਿਆਸ ਲਾਉਣਾ ਮੁਸ਼ਕਿਲ ਹੈ। ਜਿਣਸਾਂ, ਸੰਕੇਤਕ ਵਸਤਾਂ, ਫੇਸਬੁੱਕ/ਇੰਸਟਾਗ੍ਰਾਮ ਦੀਆਂ ਤਸਵੀਰਾਂ ਤੇ ਸੰਦੇਸ਼ਾਂ ਦਾ ਵਹਾਓ ਇੰਨੀ ਤੇਜ਼ੀ ਨਾਲ ਬਦਲਦਾ ਰਹਿੰਦਾ ਹੈ ਕਿ ਸਮਝ ਨਹੀਂ ਪੈਂਦੀ ਇਹ ਕਿੱਥੇ ਜਾ ਕੇ ਮੁੱਕੇਗਾ। ਇੰਜ ਜਾਪਦਾ ਹੈ ਕਿ ਅਸੀਂ ਸਿਰਫ਼ ਦੌੜ ਰਹੇ ਹਾਂ ਅਤੇ ਸਦੀਆਂ ਤੋਂ ਕਿਸੇ 'ਉਤੇਜਕ' ਤੇ 'ਨਵੀਂ' ਚੀਜ਼ ਦੇ ਭੁੱਖੇ ਹਾਂ। ਵੇਖੋ ਕਿੰਜ ਤੁਰਤ-ਫੁਰਤ ਖਪਤਵਾਦ ਦੇ ਇਸ ਯੁੱਗ ਨੇ ਧਾਰਮਿਕਤਾ/ਅਧਿਆਤਮਵਾਦ ਨੂੰ ਵੀ ਇਕ ਵਸਤ ਵਿਚ ਬਦਲ ਦਿੱਤਾ ਹੈ। ਸਾਹ ਦੀਆਂ ਕਿਰਿਆਵਾਂ ਸਿੱਖਣ ਲਈ ਕਿਸੇ ਫੈਂਸੀ ਆਸ਼ਰਮ ਦੀ ਫੇਰੀ 'ਤੇ ਜਾਂਦਿਆਂ ਹਵਾਈ ਅੱਡੇ 'ਤੇ ਕੁਝ ਪਲਾਂ ਦੀ ਉਡੀਕ ਦੌਰਾਨ ਪੜ੍ਹਨ ਨੂੰ ਮਿਲੀ ਓਸ਼ੋ ਦੀ ਕਿਤਾਬ ਤੋਂ ਲੈ ਕੇ ਲਾਲਸਾਮਈ ਤੇ ਗਤੀਮਾਨ ਸ਼੍ਰੇਣੀ ਨੇ 'ਵਿਕਲਪਾਂ' ਨੂੰ ਵੀ ਖਪਤਯੋਗ ਵਸਤ ਦਾ ਰੂਪ ਦੇ ਦਿੱਤਾ ਹੈ। ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਮੀਡੀਆ ਤੋਂ ਥੱਕੇ ਟੁੱਟੇ ਇਸ ਸੰਸਾਰ ਵਿਚ ਤੁਰਤ-ਫੁਰਤ ਜਨ ਜਾਗ੍ਰਿਤੀ ਦੇ ਬੇਹਿਸਾਬ ਪੈਕੇਜਾਂ ਨਾਲ ਯੂਟਿਊਬ ਭਰੀ ਪਈ ਹੈ: ਜ਼ੈੱਨ ਬੁੱਧਿਜ਼ਮ: ਦਿ ਈਜ਼ੀਐਸਟ ਸਪਿਰਚੁਅਲ ਪਾਥ ਆਨ ਅਰਥ, '2 ਮਿਨਟਸ ਟੂ ਹੀਲ ਯੋਅਰ ਅਪਸੈੱਟ ਮਾਈਂਡ' ਜਾਂ ਇਹੋ ਜਿਹਾ ਹੋਰ ਬਹੁਤ ਕੁਝ ਕਿ 'ਜੇ ਤੁਸੀਂ ਹਰ ਰੋਜ਼ ਇਹ ਇਕ ਕੰਮ ਕਰੋਗੇ ਤਾਂ ਤੁਹਾਡੇ 'ਤੇ ਪਰਮਾਤਮਾ ਦੀ ਅਪਾਰ ਕਿਰਪਾ ਵਰ੍ਹੇਗੀ।'

ਵਧ ਫੁੱਲ ਰਹੀ ਇਸ ਆਤਮਿਕ ਸਨਅਤ ਬਾਰੇ ਕੀ ਲੱਖਣ ਲਾਇਆ ਜਾਵੇ? ਸੰਭਵ ਹੈ ਕਿ ਇਸ ਲਈ ਬੇਹੱਦ ਰੁੱਝੀ ਹੋਈ ਤੇ ਦਬਾਅ ਦੇ ਸ਼ਿਕਾਰ ਪ੍ਰੋਫੈਸ਼ਨਲ ਲੋਕਾਂ ਜਾਂ ਫਿਰ ਫਿਲਮ ਸਟਾਰਾਂ ਤੋਂ ਲੈ ਕੇ ਕ੍ਰਿਕਟ ਦੀਆਂ ਵੱਡੀਆਂ ਹਸਤੀਆਂ ਦੀ ਨਵ-ਉੱਭਰੀ ਲਾਲਸਾਮਈ ਸ਼੍ਰੇਣੀ ਦੇ ਅੰਦਰੂਨੀ ਖਾਲੀਪਣ ਦੀ ਗਹਿਰੀ ਸਮਝ ਦਰਕਾਰ ਹੈ ਜਿਸ ਨੂੰ ਹਰ ਸਮੇਂ ਆਪਣੀਆਂ ਉੱਚੀਆਂ ਪੁਜ਼ੀਸ਼ਨਾਂ ਬਰਕਰਾਰ ਰੱਖਣ ਦਾ ਤੌਖ਼ਲਾ ਲੱਗਿਆ ਰਹਿੰਦਾ ਹੈ। ਇਕ ਲੇਖੇ ਇਹ ਸਫ਼ਲਤਾ ਦਾ ਦਵੰਦ ਹੈ। ਤੁਸੀਂ ਜਿੰਨੇ ਜ਼ਿਆਦਾ ਸਫ਼ਲ ਹੁੰਦੇ ਹੋ, ਓਨੇ ਹੀ ਜ਼ਿਆਦਾ ਤੁਸੀਂ ਡਰੇ ਸਹਿਮੇ ਰਹਿੰਦੇ ਹੋ। ਤੇ ਇਕ ਸਮੇਂ, ਬੰਦਾ ਇਸ ਤੋਂ ਥੱਕ ਜਾਂਦਾ ਹੈ ਤੇ ਉਸ ਅੰਦਰ ਵਿਅਰਥਤਾ ਦਾ ਭਾਵ ਭਰ ਜਾਂਦਾ ਹੈ। ਤਾਂ ਵੀ, ਬੁਰੀ ਤਰ੍ਹਾਂ ਅੱਕ-ਥੱਕ ਜਾਣ ਦੇ ਬਾਵਜੂਦ ਸਮਾਜੀ ਡਾਰਵਿਨਵਾਦ ਦੇ ਇਸ ਅਤਿ ਦੇ ਮੁਕਾਬਲੇ ਦੀ ਖੇਡ ਤੋਂ ਬਚਣ ਦਾ ਕੋਈ ਰਾਹ ਨਜ਼ਰ ਨਹੀਂ ਆਉਂਦਾ। ਦੇਖੋ ਕਿਵੇਂ ਉਤਪਾਦਕਤਾ, ਅਨੰਤ ਵਿਕਾਸ ਤੇ ਬੇਤਹਾਸ਼ਾ ਖਪਤਵਾਦ ਦੇ ਜਨੂੰਨੀ ਟੈਕਨੋ-ਪੂੰਜੀਵਾਦ ਨੇ ਸਾਡੇ 'ਚੋਂ ਬਹੁਤ ਸਾਰਿਆਂ ਲਈ ਖ਼ਾਮੋਸ਼ੀ ਨਾਲ ਜ਼ਿੰਦਗੀ ਨੂੰ ਜਿਊਣ ਦੇ ਲਾਇਕ ਨਹੀਂ ਛੱਡਿਆ। ਇਸ ਦੀ ਬਜਾਏ ਘੜੀ ਦੀਆਂ ਸੂਈਆਂ ਨਾਲ ਘੰਟਿਆਂ, ਮਿੰਟਾਂ ਤੇ ਸਕਿੰਟਾਂ ਵਿਚ ਸਮੇਂ ਨੂੰ ਮਾਪਿਆ ਜਾਂਦਾ ਹੈ ਤੇ ਅਸੀਂ ਇਸ ਦਾ ਇਕ ਇਕ ਪਲ ਉਤਪਾਦਕ ਮੰਤਵਾਂ ਲਈ ਵਰਤਣ ਦੇ ਆਦੀ ਹੋ ਗਏ ਹਾਂ। ਸਮਾਂ-ਸਾਰਣੀ ਦੀ ਕਰੜਾਈ ਸਾਨੂੰ ਬੇਚੈਨ ਕਰ ਦਿੰਦੀ ਹੈ। ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਅਸੀਂ ਹਰ ਵੇਲੇ ਕਾਹਲੀ 'ਚ ਰਹਿੰਦੇ ਹਾਂ। ਦਰਅਸਲ, ਗੱਲ ਇਹ ਹੈ ਕਿ ਜੇ ਤੁਸੀਂ 'ਰੁੱਝੇ ਹੋਏ' ਨਾ ਦਿਸੋਂ ਤਾਂ ਤੁਹਾਨੂੰ ਅਸਫ਼ਲ ਮੰਨ ਲਿਆ ਜਾਂਦਾ ਹੈ। ਸਮੇਂ ਦੀ ਬੱਚਤ ਦੇ ਹਰ ਕਿਸਮ ਦੇ ਸਾਧਨ ਮਯੱਸਰ ਹੋਣ ਦੇ ਬਾਵਜੂਦ ਕਿਸੇ ਮਲੂਕ ਜਿਹੇ ਫੁੱਲ ਜਾਂ ਛਿਪਦੀ ਹੋਈ ਸੂਰਜ ਦੀ ਟਿੱਕੀ ਨੂੰ ਨਿਹਾਰਨ ਜਾਂ ਫਿਰ ਵਾਲਟ ਵਿਟਮੈਨ ਦੇ ਇਨ੍ਹਾਂ ਸ਼ਬਦਾਂ ਨਾਲ ਸਾਂਝ ਪਾਉਣ ਦੀ ਵੀ ਵਿਹਲ ਨਹੀਂ ਹੁੰਦੀ ਕਿ - 'ਮੇਰੇ ਲਈ ਖਲਾਅ ਦਾ ਹਰੇਕ ਇੰਚ ਕਰਾਮਾਤ ਹੈ।' ਇਸ ਦੀ ਬਜਾਏ ਸਵੇਰ ਦੀ ਸੈਰ ਤੋਂ ਲੈ ਕੇ ਹਰੇਕ ਕੰਮ ਫ਼ਾਇਦੇ ਨੁਕਸਾਨ ਦੇ ਜ਼ਾਵੀਏ ਤੋਂ ਤੋਲਿਆ ਜਾਂਦਾ ਹੈ (ਮਸਲਨ, ਖ਼ੂਨ 'ਚ ਸ਼ੂਗਰ ਦੀ ਮਾਤਰਾ ਤੇ ਤਣਾਅ ਵਿਚ ਕਿੰਨੀ ਕਮੀ ਆਈ ਹੈ)। ਅਸੀਂ ਸਮੇਂ ਦੇ ਗ਼ੁਲਾਮ ਹੋ ਗਏ ਹਾਂ। ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਮੁਹੱਬਤ ਤੇ ਧਾਰਮਿਕਤਾ ਵੀ ਫਾਸਟ ਫੂਡ ਦੀ ਤਰ੍ਹਾਂ ਹੀ ਝਟਪਟ ਖਪਤ ਦੀ ਸ਼ੈਅ ਬਣਦੀ ਜਾ ਰਹੀ ਹੈ।

ਕੁਝ ਪਲ ਆਉਂਦੇ ਹਨ ਜਦੋਂ ਇਸ ਸ਼੍ਰੇਣੀ ਨੂੰ ਅਮਨ-ਚੈਨ ਅਤੇ ਆਤਮ ਬੋਧ ਦੀ ਲੋੜ ਮਹਿਸੂਸ ਹੁੰਦੀ ਹੈ। ਉਂਜ, ਜਿਹੜੀਆਂ ਸੁੱਖ ਸਹੂਲਤਾਂ ਤੇ ਵਿਸ਼ੇਸ਼ਾਧਿਕਾਰਾਂ ਦੀ ਇਸ ਨੂੰ ਆਦਤ ਪੈ ਚੁੱਕੀ ਹੈ, ਉਨ੍ਹਾਂ ਤੋਂ ਖਹਿੜਾ ਛੁਡਾਉਣਾ ਸੌਖਾ ਨਹੀਂ ਹੁੰਦਾ ਤੇ ਨਾ ਹੀ ਝਟਾਪਟੀ ਦਾ ਮਿਜਾਜ਼ ਬਦਲਣਾ ਸਹਿਲ ਕੰਮ ਹੈ। ਤੇ ਇੱਥੇ ਹੀ ਹਰ ਤਰ੍ਹਾਂ ਦੇ ਜੀਵਨ ਕੋਚਾਂ, ਪ੍ਰੇਰਕ ਵਕਤਿਆਂ ਅਤੇ ਨਵੇਂ ਜ਼ਮਾਨੇ ਦੇ ਰੂਹਾਨੀ ਮਸੀਹਿਆਂ ਦੀ ਆਮਦ ਹੁੰਦੀ ਹੈ। ਇਹ ਝਟਪਟ ਨਿਰਵਾਣ ਦੇ ਪੈਕੇਜ ਲੈ ਕੇ ਸਾਹਮਣੇ ਆਉਂਦੇ ਹਨ- ਦੋ ਚਾਰ ਦਿਨ ਦੇ ਆਤਮ ਸੁੱਖ ਤੋਂ ਬਾਅਦ ਜ਼ਿੰਦਗੀ ਫਿਰ ਰੋਬੋਟ ਦੀ ਤਰ੍ਹਾਂ ਕੰਮ ਕਰਨ, ਕਮਾਈ, ਬੱਚਤਾਂ, ਖਪਤ ਅਤੇ ਹਰ ਕਿਸਮ ਦੇ ਬੀਮੇ ਖਰੀਦਣ ਦੇ ਉਸੇ ਰੂਟੀਨ 'ਤੇ ਵਾਪਸ ਆ ਜਾਂਦੀ ਹੈ। ਦਫ਼ਤਰ ਤੋਂ ਘਰ ਵਾਪਸ ਆਓ, ਚਾਹ-ਕੌਫ਼ੀ ਦਾ ਕੱਪ ਪੀਓ, ਆਪਣਾ ਲੈਪਟੌਪ ਖੋਲ੍ਹੋ, ਪੰਜ ਮਿੰਟ ਬਿਤਾਓ, ਯੂਟਿਊਬ ਦੀ ਕਰਾਮਾਤ ਮਹਿਸੂਸ ਕਰੋ ਅਤੇ ਮਿਸਾਲ ਦੇ ਤੌਰ 'ਤੇ ਬ੍ਰਹਮਕੁਮਾਰੀ ਸ਼ਿਵਾਨੀ ਦਾ 'ਹਰ ਸਮੇਂ ਸਹੀ ਸੋਚ ਰੱਖਣ ਲਈ ਦੋ ਕਦਮ' ਪ੍ਰਵਚਨ ਜਾਂ ਸ਼੍ਰੀ ਸ਼੍ਰੀ ਰਵੀਸ਼ੰਕਰ ਦਾ 'ਸਵੇਰਸਾਰ 15 ਮਿੰਟ ਦਾ ਧਿਆਨ ਸ਼ਿਵਿਰ' ਸਰਵਣ ਕਰੋ।

ਬਿਲਕੁਲ, ਆਤਮਿਕ ਨਿਰਵਾਣ ਲਈ 15 ਮਿੰਟ ਬਿਤਾਉਣਾ ਸੌਖਾ ਨਹੀਂ ਹੈ ਤੇ ਨਾ ਹੀ ਫਿਰਤੂ ਬਣਨਾ ਤੇ ਅੰਦਰੂਨੀ ਖਾਲੀਪਣ ਦਾ ਅਸਲ ਸਰੋਤ ਜਿਸ ਨੂੰ ਗੌਤਮ ਬੁੱਧ ਦੁਨਿਆਵੀ ਐਸ਼-ਇਸ਼ਰਤ ਦੀ ਲਾਲਸਾ ਕਹਿੰਦੇ ਹਨ, ਨੂੰ ਤਿਆਗਣਾ ਸਹਿਲ ਹੈ। ਨਵੇਂ ਜ਼ਮਾਨੇ ਦੇ ਇਨ੍ਹਾਂ ਗੁਰੂਆਂ-ਬਾਬਿਆਂ ਦੀ ਬੁਨਿਆਦੀ ਮਨੋਵਿਗਿਆਨਕ/ ਹੋਂਦਮਈ/ ਰੂਹਾਨੀ ਕ੍ਰਾਂਤੀ ਵਿਚ ਕੋਈ ਦਿਲਚਸਪੀ ਨਹੀਂ ਹੈ। ਉਹ ਫ਼ੌਰੀ ਤੌਰ 'ਤੇ ਤੁਹਾਡੀ ਤ੍ਰਿਸ਼ਨਾ ਮਿਟਾਉਣ ਲਈ ਕੁਝ ਕੈਪਸੂਲ ਦਿੰਦੇ ਹਨ ਤੇ ਘੰਟੇ ਕੁ ਭਰ ਲਈ ਤੁਹਾਨੂੰ ਰਾਹਤ ਮਹਿਸੂਸ ਕਰਵਾ ਦਿੰਦੇ ਹਨ। ਅੱਜਕੱਲ੍ਹ ਇਹ ਸੈਲੇਬ੍ਰਿਟੀ ਬਾਬੇ ਨਿਰੰਤਰ ਪ੍ਰਵਚਨ ਕਰਦੇ ਰਹਿੰਦੇ ਹਨ ਤੇ ਇਨ੍ਹਾਂ ਦੀਆਂ ਕਾਇਮ ਕੀਤੀਆਂ ਕੰਪਨੀਆਂ ਅਣਗਿਣਤ ਵੀਡੀਓਜ਼ ਤਿਆਰ ਕਰਦੀਆਂ ਰਹਿੰਦੀਆਂ ਹਨ ਜਿਨ੍ਹਾਂ ਰਾਹੀਂ ਫੌਰੀ ਖਪਤ ਦੇ ਹਰ ਕਿਸਮ ਦੇ ਚਕਿਤਸਾ ਨੁਸਖ਼ੇ ਸੁਝਾਏ ਜਾਂਦੇ ਹਨ। ਮਿਸਾਲ ਦੇ ਤੌਰ 'ਤੇ 'ਅਸ਼ੁੱਧੀਆਂ ਤੇ ਤਣਾਅ ਤੋਂ ਮੁਕਤੀ ਕਿਵੇਂ ਪਾਈ ਜਾਵੇ'। ਕਦੇ ਕਦਾਈਂ ਮੈਂ ਆਪਣੇ ਆਪ ਤੋਂ ਸਵਾਲ ਪੁੱਛਦਾ ਹਾਂ: ਕੀ ਇਨ੍ਹਾਂ ਬਾਬਿਆਂ ਨੇ ਆਪ ਕਦੇ ਚੁੱਪ ਦੀਆਂ ਗਹਿਰਾਈਆਂ ਦਾ ਅਭਿਆਸ ਕੀਤਾ ਹੈ; ਉਹ ਚੁੱਪ ਜੋ ਤੁਹਾਨੂੰ ਜ਼ਿੰਦਗੀ ਤੇ ਮੌਤ ਤੋਂ ਪਾਰ ਲੈ ਜਾਂਦੀ ਹੈ ਜਾਂ ਉਹ ਚੁੱਪ ਜੋ ਕਿਸੇ ਨੂੰ ਹਰੇਕ ਸ਼ੈਅ ਦੇ ਖਾਲੀਪਣ ਦੇ ਦਰਸ਼ਨ ਕਰਵਾਉਂਦੀ ਹੈ? ਜਾਂ ਫਿਰ ਉਹ ਟੇਪ ਰਿਕਾਰਡਰ ਦੀ ਤਰ੍ਹਾਂ ਲਗਾਤਾਰ ਬੋਲਦੇ ਹੀ ਰਹਿੰਦੇ ਹਨ? ਇੰਜ ਲੱਗਦਾ ਜਿਵੇਂ ਉਹ ਦੁਨੀਆ ਦੀ ਹਰ ਸ਼ੈਅ ਬਾਰੇ ਬੋਲਣ ਲਈ ਹੀ ਪੈਦਾ ਹੋਏ ਹਨ- 'ਨੌਜਵਾਨ ਮੁੰਡੇ ਕੁੜੀਆਂ ਆਪਣੇ ਮਾਪਿਆਂ ਦਾ ਆਖਾ ਕਿਉਂ ਨਹੀਂ ਮੰਨਦੇ'; 'ਜ਼ਿਆਦਾ ਸੋਚਣ ਤੋਂ ਕਿੰਜ ਬਚੀਏ'; ਜਾਂ 'ਸਫ਼ਲਤਾ ਦਾ ਇਕ ਆਸਾਨ ਮੰਤਰ'। ਇਹ ਸੂਚੀ ਬਹੁਤ ਲੰਮੀ ਹੈ। ਇਹੀ ਸਭ ਕੁਝ ਤਾਂ ਹੈ ਜੋ ਆਤਮਿਕ ਸਨਅਤ ਕਰਦੀ ਰਹਿੰਦੀ ਹੈ; ਇਹ ਖਾਣ-ਪੀਣ ਦੀਆਂ ਚੀਜ਼ਾਂ ਦੀ ਤਰ੍ਹਾਂ ਹੀ ਹਰ ਤਰ੍ਹਾਂ ਦੀਆਂ ਵਸਤਾਂ ਤਿਆਰ ਕਰਦੀ ਹੈ ਤੇ ਝਟਪਟ ਰਾਹਤ ਦੀ ਗਾਰੰਟੀ ਦਿੰਦੀ ਹੈ।

ਇਸ ਸਭ ਕੁਝ ਦਾ ਸਾਡੀ ਆਤਮਿਕ ਖੋਜ ਤੇ ਚੇਸ਼ਟਾ ਦਾ ਮੁਹਾਂਦਰਾ ਵਿਗਾੜਨ ਦਾ ਬਿਲਕੁਲ ਕੋਈ ਇਰਾਦਾ ਨਹੀਂ ਹੈ। ਨਾ ਹੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਸਾਰੇ ਵੀਡੀਓਜ਼ ਬੇਕਾਰ ਹਨ। ਮੈਂ ਖ਼ੁਦ ਯੂਟਿਊਬ 'ਤੇ ਕਦੇ-ਕਦੇ ਐਲਨ ਵਾਟਸ ਜਾਂ ਜਿੱਡੂ ਕ੍ਰਿਸ਼ਨਾਮੂਰਤੀ ਦੀਆਂ ਵੀਡੀਓਜ਼, ਤਾਓ ਦਾ 'ਜਲ ਦੀ ਨਿਆਈਂ' ਪ੍ਰਵਚਨ ਦੇਖਦਾ-ਸੁਣਦਾ ਹਾਂ ਜੋ ਰੂਹ ਦੀਆਂ ਤਰਬਾਂ ਜਗਾ ਦਿੰਦੇ ਹਨ। ਫਿਰ ਵੀ ਚੌਕਸੀ ਵਰਤਣੀ ਜ਼ਰੂਰੀ ਹੈ ਕਿਉਂਕਿ ਝਟਾਪਟੀ ਦੇ ਇਸ ਯੁੱਗ ਵਿਚ ਅਤਿ-ਆਧੁਨਿਕ ਖਪਤਕਾਰਾਂ ਲਈ 'ਆਤਮਿਕ ਪੈਕੇਜਾਂ ਦੀ ਲੋੜੋਂ ਵੱਧ ਪੈਦਾਵਾਰ ਹੋਣ ਨਾਲ ਉਸ ਤਲਾਸ਼ ਨੂੰ ਛੁਟਿਆ ਕੇ ਧਰ ਦਿੱਤਾ ਹੈ ਜਿਸ ਨੂੰ ਰਾਬਿੰਦਰਨਾਥ ਟੈਗੋਰ ਨੇ ਸਰਪਲੱਸ ਆਖਣਾ ਸੀ- ਭਾਵ ਉਪਯੋਗਤਾਵਾਦ ਦੇ ਦਿਸਹੱਦਿਆਂ ਤੋਂ ਪਰ੍ਹੇ ਤੱਕਣ ਅਤੇ ਅਨੰਤ ਦੇ ਝਲਕਾਰਿਆਂ ਦਾ ਅਨੁਭਵ ਕਰਨ ਦੀ ਚੇਸ਼ਟਾ।

**ਅਵੀਜੀਤ ਪਾਠਕ**

## ਆਲੀਆ ਨੇ ਫ਼ਿਲਮਸਾਜ਼ ਵਜੋਂ ਸਾਂਝੇ ਕੀਤੇ ਜਜ਼ਬਾਤ

ਮੁੰਬਈ: 'ਡਾਰਲਿੰਗਜ਼' ਰਾਹੀਂ ਪ੍ਰੋਡਿਊਸਰ ਬਣਨ ਜਾ ਰਹੀ ਬੌਲੀਵੁੱਡ ਅਦਾਕਾਰਾ ਆਲੀਆ ਭੱਟ ਨੇ ਅੱਜ ਸੋਸ਼ਲ ਮੀਡੀਆ 'ਤੇ ਫਿਲਮਸਾਜ਼ ਵਜੋਂ ਆਪਣੇ ਜਜ਼ਬਾਤ ਸਾਂਝੇ ਕੀਤੇ ਹਨ। ਇਸ ਫ਼ਿਲਮ ਵਿੱਚ ਆਲੀਆ ਅਭਿਨੈ ਵੀ ਕਰੇਗੀ। ਆਲੀਆ ਨੇ ਆਖਿਆ, ''ਪ੍ਰੋਡਿਊਸਰ ਵਜੋਂ 'ਡਾਰਲਿੰਗਜ਼' ਦਾ ਪਹਿਲਾ ਦਿਨ! ਪਰ ਮੈਂ ਪਹਿਲਾਂ ਅਦਾਕਾਰਾ ਹਾਂ ਅਤੇ ਹਮੇਸ਼ਾ ਰਹਾਂਗੀ।'' ਆਲੀਆ ਨੇ ਆਪਣੇ ਮੇਕਅੱਪ ਰੂਮ ਦੀਆਂ ਕੁਝ ਤਸਵੀਰਾਂ ਸਾਂਝੀਆਂ ਕਰਦਿਆਂ ਫਿਲਮ ਸ਼ੁਰੂ ਕਰਨ ਤੋਂ ਪਹਿਲਾਂ ਵਾਲੀ ਘਬਰਾਹਟ ਬਾਰੇ ਦੱਸਿਆ। ਉਸ ਨੇ ਲਿਖਿਆ, 'ਮੈਨੂੰ ਨਹੀਂ ਪਤਾ ਇਹ ਕੀ ਹੈ... ਨਵੀਂ ਫਿਲਮ ਸ਼ੁਰੂ ਕਰਨ ਤੋਂ ਇੱਕ ਰਾਤ ਪਹਿਲਾਂ ਮੈਂ ਆਪਣੇ ਸਾਰੇ ਸਰੀਰ ਵਿੱਚ ਝਰਨਾਹਟ ਮਹਿਸੂਸ ਕੀਤੀ। ਮੈਂ ਸਾਰੀ ਰਾਤ ਕਹਾਣੀ ਦੀਆਂ ਉਲਝੀਆਂ ਲਾਈਨਾਂ ਬਾਰੇ ਸੁਫ਼ਨਾ ਲੈਂਦੀ ਰਹੀ। ਮੈਂ ਲੇਟ ਹੋਣ ਦੇ ਡਰੋਂ ਸੈੱਟ 'ਤੇ 15 ਮਿੰਟ ਪਹਿਲਾਂ ਪਹੁੰਚ ਗਈ।' ਉਸ ਨੇ ਆਖਿਆ, 'ਮੈਨੂੰ ਲੱਗਦਾ ਹੈ ਕਿ ਇਹ ਭਾਵਨਾ ਕਿਤੇ ਨਹੀਂ ਜਾਵੇਗੀ ਅਤੇ




ਜਾਣੀ ਵੀ ਨਹੀਂ ਚਾਹੀਦੀ ਕਿਉਂਕਿ ਘਬਰਾਉਣ ਤੇ ਗੈਰਯਕੀਨੀ ਮਹਿਸੂਸ ਕਰਨ ਦਾ ਮਤਲਬ ਹੈ ਕਿ ਤੁਸੀਂ ਸੱਚਮੁਚ ਪ੍ਰਵਾਹ ਕਰਦੇ ਹੋ।'

## ਇੰਗਲੈਂਡ ਯੂਰੋ-2020 ਦੇ ਸੈਮੀਫਾਈਨਲ 'ਚ: 1966 ਦੇ ਵਿਸ਼ਵ ਕੱਪ ਫਾਈਨਲ ਬਾਅਦ ਪਹਿਲੀ ਵਾਰ ਨਾਕਆਊਟ ਗੇੜ 'ਚ 4 ਗੋਲ ਦਾਗ਼ੇ



**ਰੋਮ।** ਹੈਰੀ ਕੇਨ ਦੇ ਦੋ ਗੋਲਾਂ ਦੀ ਮਦਦ ਨਾਲ ਇੰਗਲੈਂਡ ਨੇ ਯੂਕਰੇਨ ਨੂੰ 4-0 ਨਾਲ ਹਰਾ ਕੇ ਯੂਰਪੀਅਨ ਫੁੱਟਬਾਲ ਚੈਂਪੀਅਨਸ਼ਿਪ ਯੂਰੋ 2020 ਦੇ ਸੈਮੀਫਾਈਨਲ ਵਿੱਚ ਪੁੱਜ ਗਿਆ। ਯੂਰੋ 2020 ਵਿਚ ਇਹ ਇਕੋ ਮੈਚ ਹੈ ਜੋ ਇੰਗਲੈਂਡ ਨੇ ਵੈਂਬਲੇ ਸਟੇਡੀਅਮ ਦੇ ਬਾਹਰ ਖੇਡਿਆ ਅਤੇ ਇਸ ਵਿਚ ਉਸ ਨੇ ਆਪਣਾ ਸਭ ਤੋਂ ਪ੍ਰਭਾਵਸ਼ਾਲੀ ਪ੍ਰਦਰਸ਼ਨ ਕੀਤਾ। ਸ਼ਨਿ-ਚਰਵਾਰ ਨੂੰ ਖੇਡੇ ਮੈਚ ਵਿਚ ਕੇਨ ਨੇ ਚੌਥੇ ਅਤੇ 50 ਵੇਂ ਮਿੰਟ ਵਿਚ ਗੋਲ ਕੀਤਾ। ਉਨ੍ਹਾਂ ਤੋਂ ਇਲਾਵਾ ਹੈਰੀ ਮੈਗੁਏਰ (46 ਵੇਂ ਮਿੰਟ) ਅਤੇ ਜੌਰਡਨ ਹੈਂਡਰਸਨ (63 ਵੇਂ ਮਿੰਟ) ਨੇ ਵੀ ਗੋਲ ਕੀਤੇ। ਇਹ ਇੰਗਲੈਂਡਾ ਦਾ ਇਸ ਟੂਰਨਾਮੈਂਟ ਵਿੱਚ ਲਗਾਤਾਰ ਪੰਜਵਾਂ ਮੈਚ ਹੈ, ਜਿਸ ਵਿੱਚ ਉਸ ਨੇ ਆਪਣੀ ਵਿਰੋਧੀ ਟੀਮ ਨੂੰ ਗੋਲ ਨਹੀਂ ਕਰਨ ਦਿੱਤਾ। 1966 ਦੇ ਵਿਸ਼ਵ ਕੱਪ ਫਾਈਨਲ ਮਗਰੋਂ ਪਹਿਲਾ ਮੌਕਾ ਹੈ ਜਦੋਂ ਇੰਗਲੈਂਡ ਨੇ ਕਿਸੇ ਵੱਡੇ ਟੂਰਨਾਮੈਂਟ ਦੇ ਨਾਕਆਊਟ ਗੇੜ ਵਿੱਚ ਚਾਰ ਗੋਲ ਕੀਤੇ। ਉਸ ਨੇ 1966 ਵਿੱਚ ਪੱਛਮੀ ਜਰਮਨੀ ਨੂੰ 4-2 ਨਾਲ ਹਰਾਇਆ ਸੀ।

## ਫ਼ਿਲਮ 'ਫੁੱਫੜ ਜੀ' ਦੀ ਸ਼ੂਟਿੰਗ ਵਿੱਚ ਰੁੱਝਿਆ ਜੱਸੀ ਗਿੱਲ



ਨਵੀਂ ਦਿੱਲੀ: ਜਾਬੀ ਗਾਇਕ ਤੇ ਅਦਾਕਾਰ ਜੱਸੀ ਗਿੱਲ ਆਪਣੀ ਆਉਣ ਵਾਲੀ ਫ਼ਿਲਮ 'ਫੁੱਫੜ ਜੀ' ਦੀ ਸ਼ੂਟਿੰਗ ਵਿਚ ਰੁੱਝ ਗਿਆ ਹੈ। ਜੱਸੀ ਨੇ ਆਖਿਆ,''ਇਹ ਫ਼ਿਲਮ ਹਾਸੇ ਤੇ ਰੋਮਾਂਸ ਦਾ ਸ਼ਾਨਦਾਰ ਸੰਗਮ ਹੈ ਅਤੇ ਮੈਂ ਇਸ ਫ਼ਿਲਮ ਦਾ ਹਿੱਸਾ ਬਣ ਕੇ ਬਹੁਤ ਖ਼ੁਸ਼ ਹਾਂ। ਇਹ ਫ਼ਿਲਮ ਦਰਸ਼ਕਾਂ ਦਾ ਖ਼ੂਬ ਮਨੋਰੰਜਨ ਕਰੇਗੀ ਅਤੇ ਕੋਈ ਵੀ ਵਿਅਕਤੀ ਇਸ ਨੂੰ ਕਿਤੇ ਵੀ ਦੇਖ ਸਕਦਾ ਹੈ।'' ਇਸ ਫ਼ਿਲਮ ਵਿੱਚ ਬਿੰਨੂ ਢਿੱਲੋਂ, ਗੁਰਨਾਮ ਭੁੱਲਰ, ਸਿਧੀਕਾ ਸ਼ਰਮਾ, ਜੈਸਮੀਨ ਬਾਜਵਾ ਤੇ ਅਨੂ ਚੌਧਰੀ ਵੀ ਅਹਿਮ ਭੂਮਿਕਾਵਾਂ 'ਚ ਨਜ਼ਰ ਆਉਣਗੇ। ਇਸ ਫ਼ਿਲਮ ਦੀ ਸ਼ੂਟਿੰਗ 16 ਜੂਨ ਨੂੰ ਸ਼ੁਰੂ ਹੋ ਚੁੱਕੀ ਹੈ ਤੇ ਇਹ ਜਲਦ ਹੀ ਰਿਲੀਜ਼ ਹੋਣ ਵਾਲੀ ਹੈ। ਇਸ ਫ਼ਿਲਮ ਦੀ ਕਹਾਣੀ ਰਾਜੂ ਵਰਮਾ ਨੇ ਲਿਖੀ ਹੈ ਅਤੇ ਇਸ ਨੂੰ ਪੰਕਜ ਬੱਤਰਾ ਨੇ ਨਿਰਦੇਸ਼ਿਤ ਕੀਤਾ ਹੈ।

ਵਰਲਡ ਪੰਜਾਬੀ ਨਿਊਜ਼ ਵਿੱਚ ਪ੍ਰਕਾਸ਼ਿਤ ਹੋਣ ਵਾਲੇ ਲੇਖ ਅਤੇ ਰਚਨਾਵਾਂ ਲੇਖਕਾਂ ਦੇ ਨਿੱਜੀ ਵਿਚਾਰ ਹੋ ਸਕਦੇ ਹਨ। ਇਹਨਾਂ ਨਾਲ ਸੰਪਾਦਕ ਅਤੇ 'ਵਰਲਡ ਪੰਜਾਬੀ ਨਿਊਜ਼' ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ- ਸੰਪਾਦਕ 'ਵਰਲਡ ਪੰਜਾਬੀ ਨਿਊਜ਼' ਵਿੱਚ ਪ੍ਰਕਾਸ਼ਿਤ ਹੋਣ ਵਾਲੇ ਵਿਗਿਆਪਨਾਂ ਦੀ ਪਰਖ ਪਾਠਕ ਖੁਦ ਕਰਨ। 'ਵਰਲਡ ਪੰਜਾਬੀ ਨਿਊਜ਼' ਅਦਾਰਾ ਇਹਨਾਂ ਪ੍ਰਤੀ ਜਿੰਮੇਵਾਰ ਨਹੀਂ ਹੋਵੇਗਾ- ਸੰਪਾਦਕ

# ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਦੀ ਮੀਟਿੰਗ ਹੋਈ

**ਤਲਵਾੜਾ ,ਹਾਜੀਪੁਰ (ਜਸਵੀਰ ਸਿੰਘ ਪੁਰੇਵਾਲ)** ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ, ਪੰਜਾਬ, ਬਲਾਕ ਤਲਵਾੜਾ ਇਕਾਈ ਦੀ ਇਕ ਅਹਿਮ ਮੀਟਿੰਗ ਬਲਾਕ ਕਨਵੀਨਰ ਸ੍ਰੀ ਮਨਮੋਹਨ ਸਿੰਘ ਦੀ ਪ੍ਰਧਾਨਗੀ ਵਿਚ ਤਲਵਾੜਾ ਵਿਖੇ ਹੋਈ। ਇਸ ਮੀਟਿੰਗ ਵਿੱਚ ਐੱਨਪੀਐੱਸ ਦੇ ਅਧੀਨ ਕੰਮ ਕਰ ਰਹੇ ਕਰਮਚਾਰੀਆਂ ਦੀਆਂ ਵੱਖ ਵੱਖ ਜਥੇਬੰਦੀਆਂ ਨੇ ਭਾਗ ਲਿਆ। ਮੀਟਿੰਗ ਵਿੱਚ 06 ਜੁਲਾਈ ਨੂੰ ਤਲਵਾੜਾ ਵਿਖੇ ਹੋਣ ਵਾਲੀ ਤਹਿਸੀਲ ਪੱਧਰੀ ਅਤੇ 11 ਜੁਲਾਈ ਨੂੰ ਪਟਿਆਲਾ ਵਿਖੇ ਹੋਣ ਵਾਲੀ ਰੈਲੀ ਸਬੰਧੀ ਵਿਉਂਤਬੰਦੀ ਬਣਾਈ ਗਈ ਅਤੇ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਇੱਕ ਵਿਸ਼ੇਸ਼ ਗੱਲ ਇਹ ਰਹੀ ਕਿ ਬਲਾਕ ਤਲਵਾੜਾ ਦੇ ਮਹਿਲਾ ਵਿੰਗ ਦਾ ਗਠਨ ਕੀਤਾ ਗਿਆ ਸਰਬਸੰਮਤੀ ਨਾਲ ਐੱਨਪੀਐੱਸ ਮਹਿਲਾ ਵਿੰਗ ਦੇ ਕਨਵੀਨਰ ਮੈਡਮ ਸੁਮਨ (ਬੀਬੀਐਮਬੀ) ਅਤੇ ਅਤੇ ਸਕੱਤਰ ਮੈਡਮ ਪਿੰਕੀ ਕੁਮਾਰੀ ਨੂੰ ਚੁਣਿਆ ਗਿਆ। ਮੈਡਮ ਪਿੰਕੀ ਕੁਮਾਰੀ ਨੇ ਮਹਿਲਾ ਕਰਮਚਾਰਣਾ ਵੱਲੋਂ ਇਸ ਵਾਰ ਤਲਵਾੜੇ ਤੋਂ ਰਿਕਾਰਡ ਤੋੜ ਹਾਜ਼ਰੀ ਦਾ ਭਰੋਸਾ ਦਿਵਾਇਆ। ਮੈਡਮ ਪੂਨਮ ਬਾਲਾ ਨੇ ਮਹਿਲਾਵਾਂ ਨੂੰ ਮੋਟੀਵੇਟ ਕਰਨ ਲਈ ਵੱਖ ਵੱਖ ਟੀਮਾਂ ਦੇ ਗਠਨ ਦੀ ਗੱਲ ਆਖੀ ਅਤੇ ਪਰਸਨਲ ਕੰਟੈਕਟ ਪ੍ਰੋਗਰਾਮ ਚਲਾਉਣ ਦੀ ਹਮਾਇਤ ਕੀਤੀ। ਮੀਟਿੰਗ ਦਾ ਸੰਚਾਲਨ ਬਲਾਕ ਸਕੱਤਰ ਸ੍ਰੀ ਨਿਰਮਲ ਸਿੰਘ ਬੱਧਣ ਨੇ ਕੀਤਾ। ਸ਼ਾਹ ਨਹਿਰ ਕਰਮਚਾਰੀ ਯੂਨੀਅਨ ਤੋਂ ਸ੍ਰੀ ਗਣੇਸ਼ ਜੀ ਨੇ ਸਰਕਾਰ ਦੇ ਪ੍ਰਤੀ ਆਪਣੇ ਰੋਸ ਦਾ ਪ੍ਰਗਟਾਵਾ ਕੀਤਾ ਅਤੇ ਪੁਰਾਣੀ ਪੈਨਸ਼ਨ ਦੀ ਮੰਗ ਨੂੰ ਪੂਰਾ ਕਰਨ ਲਈ ਸਰਕਾਰ ਤੇ ਦਬਾਅ ਬਣਾਉਣ ਲਈ ਪੂਰੇ ਜ਼ੋਰ ਲਗਾਉਣ ਲਈ ਕਿਹਾ। ਇਸ ਮੀਟਿੰਗ ਵਿਚ ਸ੍ਰੀ ਨਰੇਸ਼ ਮਿੱਡਾ ਜੀ ਪ੍ਰਧਾਨ ਜੀਟੀਯੂ ਤਲਵਾੜਾ ਅਤੇ ਸ੍ਰੀ ਹਿਤੇਸ਼ ਕੁਮਾਰ ਸ਼ਰਮਾ ਜੀ ਵੱਲੋਂ ਬਠਿੰਡਾ ਰੈਲੀ ਲਈ ਦੀ ਤਿਆਰੀਆਂ ਲਈ ਡੋਰ ਟੂ ਡੋਰ ਕੰਪੇਨ ਕਰਨ ਦਾ ਸੁਝਾਅ ਦਿੱਤਾ ਗਿਆ। ਜਿਸ ਤੇ ਹਾਜ਼ਰ ਮੈਂਬਰਾਂ ਨੇ ਆਪਣੀ ਸਹਿਮਤੀ ਦਿੱਤੀ। ਬੀਬੀਐਮਬੀ ਯੂਨੀਅਨ ਦੇ ਆਗੂ ਸ੍ਰੀ ਸ਼ਿਵ ਕੁਮਾਰ ਜੀ ਅਤੇ ਸ੍ਰੀ ਅਵਿਨਾਸ਼ ਜੀ ਨੇ ਬੀਬੀਐਮਬੀ ਦੇ ਮੁਲਾਜ਼ਮਾਂ ਦੀ



ਭਰਵੀਂ ਸ਼ਮੂਲੀਅਤ ਦਾ ਭਰੋਸਾ ਦਿਵਾਇਆ। ਇਸ ਮੀਟਿੰਗ ਵਿਚ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਕਨਵੀਨਰ ਸ੍ਰੀ ਜਸਵੀਰ ਸਿੰਘ ਤਲਵਾੜਾ ਜੀ ਨੇ ਵਿਸ਼ੇਸ਼ ਸ਼ਿਰਕਤ ਕੀਤੀ। ਉਨ੍ਹਾਂ ਨੇ ਪੰਜਾਬ ਸਰਕਾਰ ਦੇ ਨੁਮਾਇੰਦਿਆਂ ਨਾਲ ਦੋ ਦਿਨ ਪਹਿਲਾਂ ਚੰਡੀਗੜ੍ਹ ਵਿਖੇ ਹੋਈ ਪੰਜਾਬ ਅਤੇ ਮੁਲਾਜ਼ਮ ਯੂ ਟੀ ਮੁਲਾਜ਼ਮ ਸੰਘਰਸ਼ ਕਮੇਟੀ ਦੀ ਪੈਨਲ ਮੀਟਿੰਗ ਦਾ ਬਿਓਰਾ ਵੀ ਦਿੱਤਾ। ਉਨ੍ਹਾਂ ਦੱਸਿਆ ਕਿ ਇਸ ਪੈਨਲ ਮੀਟਿੰਗ ਵਿੱਚ ਵੀ ਪੁਰਾਣੀ ਪੈਨਸ਼ਨ ਦੀ ਬਹਾਲੀ ਦੀ ਮੰਗ ਜ਼ੋਰ ਸ਼ੋਰ ਨਾਲ ਉਠਾਈ ਗਈ ਅਤੇ ਸਰਕਾਰ ਨੂੰ ਅੰਕੜੇ ਪੇਸ਼ ਕਰਕੇ ਦੱਸਿਆ ਗਿਆ ਕਿ ਨਵੀਂ ਪੈਨਸ਼ਨ ਮੁਲਾਜ਼ਮਾਂ ਲਈ ਬਹੁਤ ਘਾਤਕ ਹੈ। ਇਸ ਮੌਕੇ ਬਲਾਕ ਕਨਵੀਨਰ ਸ੍ਰੀ ਮਨਮੋਹਨ ਸਿੰਘ ਨੇ ਸਾਰਿਆਂ ਦਾ ਧੰਨਵਾਦ ਕਰਦੇ ਹੋਏ ਤਲਵਾੜਾ ਬਲਾਕ ਤੋਂ ਪਟਿਆਲੇ ਲਈ ਤਿੰਨ ਬੱਸਾਂ ਭਰ ਕੇ ਲਿਜਾਣ ਦੀ ਗੱਲ ਕਹੀ। ਇਸ ਮੀਟਿੰਗ ਵਿੱਚ ਇਨ੍ਹਾਂ ਤੋਂ ਇਲਾਵਾ ਆਈਟੀ ਸੈੱਲ ਤੋਂ ਸ੍ਰੀ ਸਤ ਪ੍ਰਕਾਸ਼, ਬਲਾਕ ਆਈਟੀ ਵਿੰਗ ਸ੍ਰੀ ਦੀਪਕ ਕੁਮਾਰ, ਜਸਵਿੰਦਰ ਸਿੰਗਲਾ ਅਤੇ ਸ਼ਸ਼ੀਕਾਂਤ ਵੀ ਹਾਜ਼ਰ ਸਨ।

# ਮਿੰਨੀ ਪੀਐੱਚਸੀ ਦਾਤਾਰਪੁਰ ਅਤੇ ਸਬ ਸੈਂਟਰ ਭਟੋਲੀ ਵਿਖੇ ਵੈਕਸਿਨੇਸ਼ਨ ਕੈਂਪ ਲਾਇਆ ਗਿਆ

**ਹਾਜੀਪੁਰ (ਜਸਵੀਰ ਸਿੰਘ ਪੁਰੇਵਾਲ)** ਸਿਵਲ ਸਰਜਨ ਡਾਕਟਰ ਰਣਜੀਤ ਘੋਤੜਾ ਦੇ ਦਿਸ਼ਾ ਨਿਰਦੇਸ਼ ਅਨੁਸਾਰ ਐੱਸ ਐੱਮ ਓ ਡਾਕਟਰ ਸ਼ੈਲੀ ਬਾਜਵਾ ਦੀ ਅਗੁਵਾਈ ਹੇਠ ਮਿੰਨੀ ਪੀ ਐਚ ਸੀ ਦਾਤਾਰਪੁਰ ਅਤੇ ਸਬ ਸੈਂਟਰ ਭਟੋਲੀ ਵਿਖੇ ਹੈਲਥ ਡਿਪਾਰਟਮੈਂਟ ਦੀਆਂ ਟੀਮ ਵੱਲੋਂ ਕੋਵਿਡ ਵੈਕਸੀਨੈਸ਼ਨ ਕੈਂਪ ਲਾਏ ਗਏ। ਜਿਸ ਵਿਚ ਇਲਾਕੇ ਦੇ ਲੋਕਾਂ ਨੇ ਵੱਧ ਚੜ ਕੇ ਹਿਸਾ ਲਿਆ। ਹੈਲਥ ਡਿਪਾਰਟਮੈਂਟ ਦੀ ਟੀਮ ਵੱਲੋਂ ਡਾਕਟਰ ਆਸ਼ੂ ਸ਼ਰਮਾ ਅਤੇ ਹੈਲਥ ਇੰਸਪੈਕਟਰ ਸ਼੍ਰੀ ਰਾਕੇਸ਼ ਕੁਮਾਰ ਵੱਲੋਂ ਦੱਸਿਆ ਗਿਆ ਕਿ ਇਸ ਦੌਰਾਨ 1043 ਵਿਅਕਤੀਆਂ ਨੂੰ ਕੋਵੀਸੀਲਡ ਦੀ ਪਹਿਲੀ ਅਤੇ ਦੂਜੀ ਖੁਰਾਕ ਲਗਾਈ ਗਈ। ਸ਼੍ਰੀ ਰਾਕੇਸ਼ ਕੁਮਾਰ ਵੱਲੋਂ ਹੀਰ ਬਹਿ ,ਬਹਿ ਦੂਲੋ, ਦੇਪੁਰ, ਰਕੜੀ ਦਾਤਾਰਪੁਰ ਭਟੋਲੀ ਇਲਾਕੇ ਦੀਆਂ ਪੰਚਾਇਤ ਅਤੇ ਸਮੂਹ ਲੋਕਾਂ ਦਾ ਕੈਂਪ ਨੂੰ ਸਫ਼ਲ ਬਣਾਉਣ ਲਈ ਖਾਸ਼ ਧੰਨਵਾਦ ਕੀਤਾ। ਇਸ ਦੌਰਾਨ ਹੈਲਥ ਵਿਭਾਗ ਵੱਲੋਂ ਐੱਮ ਪੀ ਐਚ ਡਬਲਯੂ ਸੁਰਿੰਦਰ ਕੁਮਾਰ, ਸੁਖਵਿੰਦਰ ਸਿੰਘ, ਪਵਨ ਕੁਮਾਰ, ਸੰਦੀਪ ਰਾਣੀ ,ਰਾਜੇਸ਼ਵਰ ,ਆਸ਼ਾ ਫੇਸਿੱਲੀਟੈਟਰ ਅਰੁਣਾ ਰਾਣਾ, ਆਸ਼ਾ ਵਰਕਰ ਨਰਿੰਦਰ ਕੌਰ, ਸੁਰਿੰਦਰ ਕੌਰ,



ਰਜਨੀ ,ਨਿਰਮਲ ਕੌਰ, ਸ਼ਾਂਤੀ ਦੇਵੀ, ਸੀਮਾ, ਪੁਸ਼ਪਾ, ਕਵਿਤਾ, ਮੰਜੂ, ਸੀ ਐਚ ਓ ਕੋਮਲ, ਸਾਰਿਕਾ, ਬਲਜੀਤ ਕੌਰ, ਸਪਨਾ ਅਤੇ ਫਾਰਮੈਸੀ ਅਫਸਰ ਅਮਨ ਜਯੋਤੀ ਮਜੂਦ ਸਨ।

# ਜਲੰਧਰ ਜਿਲ੍ਹੇ ਦੇ 939 ਪ੍ਰਾਇਮਰੀ ਤੇ 435 ਸੈਕੰਡਰੀ ਵਿੰਗ ਦੇ ਸਕੂਲਾਂ ‘ਚ 14.26 ਫੀਸਦੀ ਤੋਂ ਜਿਆਦਾ ਬੱਚੇ ਵਧੇ

## 13397 ਵਿਦਿਆਰਥੀ ਨਿੱਜੀ ਸਕੂਲਾਂ ਤੋਂ ਹੱਟ ਕੇ ਆਏ





**ਜਲੰਧਰ (ਅੰਮ੍ਰਿਤਪਾਲ ਸਿੰਘ ਸਫ਼ਰੀ)** ਪੰਜਾਬ ਦੇ ਸਰਕਾਰੀ ਸਕੂਲਾਂ ‘ਚ ਆਈਆਂ ਕ੍ਰਾਂਤੀਕਾਰੀ ਤਬਦੀਲੀਆਂ ਦੀ ਬਦੌਲਤ ਜਿਲ੍ਹਾ ਜਲੰਧਰ ਦੇ 939 ਪ੍ਰਾਇਮਰੀ ਤੇ 435 ਸੈਕੰਡਰੀ ਵਿੰਗ ਦੇ ਸਕੂਲਾਂ ‘ਚ ਇਸ ਸੈਸ਼ਨ ਦੌਰਾਨ 14.26 ਫੀਸਦੀ ਤੋਂ ਵਧੇਰੇ ਵਿਦਿਆਰਥੀਆਂ ਦੀ ਗਿਣਤੀ ਵਧੀ ਹੈ। ਸਕੱਤਰ ਸਕੂਲ ਸਿੱਖਿਆ ਕ੍ਰਿਸ਼ਨ ਕੁਮਾਰ ਦੀ ਅਗਵਾਈ ‘ਚ ਹੋਈ ਹਫਤਾਵਾਰੀ ਮੀਟਿੰਗ ‘ਚ ਜਿਲ੍ਹਾ ਜਲੰਧਰ ਦੇ ਸਿੱਖਿਆ ਅਧਿਕਾਰੀਆਂ ਨੇ ਉਕਤ ਰਿਪੋਰਟ ਪੇਸ਼ ਕੀਤੀ ਹੈ। ਜਿਲ੍ਹੇ ਦੇ ਸਰਕਾਰੀ ਸਕੂਲਾਂ ‘ਚ 13397 ਬੱਚੇ ਨਿੱਜੀ ਸਕੂਲਾਂ ਤੋਂ ਹੱਟ ਕੇ ਆਏ ਹਨ। ਦੱਸਣਯੋਗ ਹੈ ਕਿ ਪੰਜਾਬ ਦੇ ਸਰਕਾਰੀ ਸਕੂਲਾਂ ‘ਚ 211184 ਵਿਦਿਆਰਥੀ ਨਿੱਜੀ ਸਕੂਲਾਂ ‘ਚੋਂ ਹੱਟ ਕੇ ਆਏ ਹਨ। ਜਿਲ੍ਹਾ ਸਿੱਖਿਆ ਅਫਸਰ (ਐਲੀ.ਸਿੱ.) ਰਾਮਪਾਲ ਸਿੰਘ ਨੇ ਦੱਸਿਆ ਕਿ ਜਿਲ੍ਹੇ ਦੇ 939 ਪ੍ਰਾਇਮਰੀ ਸਕੂਲਾਂ ‘ਚ ਚਾਲੂ ਸ਼ੈਸ਼ਨ ਦੌਰਾਨ 6693 ਵਿਦਿਆਰਥੀ ਨਿੱਜੀ ਸਕੂਲਾਂ ਨੂੰ ਛੱਡ ਕੇ ਆਏ ਹਨ। ਉਨ੍ਹਾਂ ਦੱਸਿਆ ਕਿ ਸਰਕਾਰੀ ਪ੍ਰਾਇਮਰੀ ਸਕੂਲ ਬਸਤੀ ਬਾਵਾ ਖੇਲ ‘ਚ 759 ਤੋਂ ਵੱਧ ਕੇ 873 ਬੱਚੇ ਹੋ ਗਏ ਹਨ। ਇਸੇ ਤਰ੍ਹਾਂ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਹਰਿੰਦਰਪਾਲ ਸਿੰਘ ਨੇ ਦੱਸਿਆ ਕਿ ਜਿਲ੍ਹੇ ਦੇ ਸੈਕੰਡਰੀ ਵਿੰਗ ਦੇ 435 ਸਕੂਲਾਂ ‘ਚ 6704 ਵਿਦਿਆਰਥੀ ਨਿੱਜੀ ਸਕੂਲਾਂ ਨੂੰ ਛੱਡ ਕੇ ਦਾਖਲ ਹੋਏ ਹਨ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਹਿਰੂ ਗਾਰਡਨ ‘ਚ 2764 ਤੋਂ ਵੱਧ ਕੇ 3318 ਭਾਵ 554 ਬੱਚੇ ਮੌਜੂਦਾ ਸ਼ੈਸਨ ਦੌਰਾਨ ਵਧੇ ਹਨ। ਸਰਕਾਰੀ ਹਾਈ ਸਕੂਲ ਬਸਤੀ ਬਾਵਾ ਖੇਲ ‘ਚ 160 ਬੱਚਿਆਂ ਦਾ ਦਾਖਲਾ ਵਧਿਆ ਹੈ। ਉਕਤ ਵਾਧੇ ਸਬੰਧੀ ਪ੍ਰਿੰ. ਗੁਰਿੰਦਰਜੀਤ ਕੌਰ ਨੇ ਦੱਸਿਆ ਕਿ ਸਿੱਖਿਆ ਦੇ ਖੇਤਰ ‘ਚ ਪੰਜਾਬ ਸਰਕਾਰ ਦੀ ਅਗਵਾਈ ‘ਚ ਕੀਤੇ ਗਏ ਵੱਡੇ ਉਪਰਾਲਿਆਂ ਸਦਕਾ ਹੀ ਰਾਜ ਦੇ ਸਕੂਲਾਂ ‘ਚ ਬੱਚਿਆਂ ਦਾ ਦਾਖਲਾ ਵੱਡੀ ਗਿਣਤੀ ‘ਚ ਵਧਿਆ ਹੈ। ਸਰਕਾਰੀ ਹਾਈ ਸਕੂਲ ਬਸਤੀ ਬਾਵਾ ਖੇਲ ਦੀ ਮੁੱਖ ਅਧਿਆਪਕਾ ਵੰਦਨਾ ਦਾ ਕਹਿਣਾ ਹੈ ਕਿ ਸਿੱਖਿਆ ਸਕੱਤਰ ਕ੍ਰਿਸ਼ਨ ਕੁਮਾਰ ਦੀ ਅਗਵਾਈ ‘ਚ ਵਿਭਾਗ ਨੇ ਹਰ ਖੇਤਰ ‘ਚ ਬਹੁਤ ਹੀ ਯੋਜਨਾਬੱਧ ਤਰੀਕੇ ਨਾਲ ਕੰਮ ਕੀਤਾ ਹੈ। ਜਿਸ ਸਦਕਾ ਪੰਜਾਬ ਸਿੱਖਿਆ ਦੇ ਖੇਤਰ ‘ਚ ਦੇਸ਼ ਦਾ ਅੱਵਲ ਨੰਬਰ ਸੂਬਾ ਬਣ ਗਿਆ ਹੈ। ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਬਾਲ ਕ੍ਰਿਸ਼ਨ ਦਾ ਕਹਿਣਾ ਹੈ ਕਿ ਸਰਕਾਰੀ ਸਕੂਲਾਂ ‘ਚ ਵਧੀਆ ਸਹੂਲਤਾਂ ਤੇ ਮਿਆਰੀ ਵਿੱਦਿਆ ਸਦਕਾ ਲੋਕਾਂ ਦਾ ਬਹੁਤ ਵਿਸ਼ਵਾਸ਼ ਵਧਿਆ ਹੈ ਤੇ ਨਤੀਜੇ ਵਜੋਂ ਬੱਚਿਆਂ ਦੀ ਗਿਣਤੀ ਵਧੀ ਹੈ।

# ਗੋਦ ਲੈਣ ਦਾ ਕਾਨੂੰਨ ਅਨਾਥ ਜਾਂ ਫਿਰ ਛੱਡੇ ਹੋਏ ਬੱਚਿਆਂ ਤੱਕ ਸੀਮਤ ਨਹੀਂ: ਬੰਬਈ ਹਾਈਕੋਰਟ

**ਨਾਗਪੁਰ।** ਬੰਬਈ ਹਾਈਕੋਰਟ ਦੀ ਨਾਗਪੁਰ ਬੈਂਚ ਨੇ ਕਿਹਾ ਹੈ ਕਿ ਗੋਦ ਲੈਣ ਦੀ ਕਾਨੂੰਨ ਕੇਵਲ ਉਨ੍ਹਾਂ ਬੱਚਿਆਂ ਤੱਕ ਸੀਮਤ ਨਹੀਂ, ਜੋ ਅਨਾਥ ਹਨ, ਛੱਡ ਦਿੱਤੇ ਗਏ ਜਾ ਕਾਨੂੰਨ ਦੀ ਨਜ਼ਰ ਵਿੱਚ ਦੋਸ਼ੀ ਹਨ। ਬੈਂਚ ਨੇ ਕਿਹਾ ਕਿ ਬਾਲ ਨਿਆਂ ਕਾਨੂੰਨ ਰਿਸ਼ਤੇਦਾਰਾਂ ਦੇ ਬੱਚਿਆਂ ਨੂੰ ਵੀ ਗੋਦ ਲੈਣ ਦੀ ਇਜ਼ਾਜਤ ਦਿੰਦਾ ਹੈ।

ਜਸਟਿਸ ਮਨੀਸ਼ ਪਿਟਾਲੇ ਦੀ ਸਿੰਗਲ ਬੈਂਚ ਨੇ ਇੱਕ ਅਰਜ਼ੀ ਉੱਤੇ ਸੁਣਵਾਈ ਦੌਰਾਨ ਇਹ ਗੱਲ ਕਹੀ। ਇਸ ਦੀ ਅਰਜ਼ੀ ਇੱਕ ਜੋੜੇ ਨੇ ਦਾਇਰ ਕੀਤੀ ਸੀ, ਜੋ ਆਪਣੇ ਰਿਸ਼ਤੇਦਾਰ ਦੀ ਨਾਬਾਲਿਗ ਬੇਟੀ ਨੂੰ ਗੋਦ ਲੈਣਾ ਚਾਹੁੰਦਾ ਸੀ। ਇਹ ਜੋੜਾ ਬੱਚੀ ਦੇ ਮਾਮਾ-ਮਾਮੀ ਹਨ ਅਤੇ ਬੱਚੀ ਦੇ ਮਾਤਾ-ਪਿਤਾ ਉਸ ਨੂੰ ਗੋਦ ਦੇਣ ਲਈ ਰਾਜ਼ੀ ਹਨ। ਯਵਤਮਾਲ ਦੀ ਜ਼ਿਲ੍ਹਾ ਅਦਾਲਤ ਨੇ ਬੱਚੀ ਨੂੰ ਗੋਦ ਲੈਣ ਦੀ ਉਨ੍ਹਾਂ ਦੇ ਮੰਗ ਇਹ ਕਹਿ ਕੇ ਰੱਦ ਕਰ ਦਿੱਤੀ ਕਿ ਬੱਚੀ ਨਾ ਅਨਾਥ ਹੈ, ਨਾ ਕਾਨੂੰਨ ਦੀ ਨਜ਼ਰ ਵਿੱਚ ਦੋਸ਼ੀ ਹੈ, ਨਾ ਉਸਦੇ ਮਾਤਾ-ਪਿਤਾ ਨੇ ਉਸ ਨੂੰ ਛੱਡਿਆ ਹੈ ਅਤੇ ਨਾ ਬੱਚੀ ਨੂੰ ਦੇਖਭਾਲ ਅਤੇ ਸੁਰੱਖਿਆ ਦੀ ਲੋੜਹੈ। ਜ਼ਿਲ੍ਹਾ ਅਦਾਲਤ ਦੇ ਫੈਸਲੇ ਪਿੱਛੋਂ ਜੋੜੇ ਨੇ ਹਾਈ ਕੋਰਟ ਵਿੱਚ ਗੁਹਾਰ ਲਾਈ।ਜਸਟਿਸ ਪਿਟਾਲੇ ਨੇ ਕਿਹਾ ਕਿ ਬਾਲ ਨਿਆਂ ਕਾਨੂੰਨ ਕੇਵਲ ਅਜਿਹੇ ਬੱਚਿਆਂ ਲਈ ਨਹੀਂ, ਜੋ ਕਾਨੂੰਨ ਦੀ ਨਜ਼ਰ ਵਿੱਚ ਦੋਸ਼ੀ ਹਨ, ਜਿਨ੍ਹਾਂ ਨੂੰ ਦੇਖਭਾਲ ਅਤੇ ਸੁਰੱਖਿਆ ਦੀ ਲੋੜ ਹੈ, ਸਗੋਂ ਇਹ



ਰਿਸ਼ਤੇਦਾਰਾਂ ਦੇ ਬੱਚਿਆਂ, ਮਤਰੇਏ ਮਾਪਿਆਂ ਵੱਲੋਂ ਬੱਚੇ ਨੂੰ ਗੋਦ ਲੈਣ ਦੇ ਕੰਮ ਬਾਰੇ ਵੀ ਪ੍ਰਕਿਰਿਆ ਤੈਅ ਕਰਦਾ ਅਤੇ ਇਸ ਦੀ ਮੰਜ਼ੂਰੀ ਦਿੰਦਾ ਹੈ।

# ਮੰਤਰੀ ਠੀਕ ਨਹੀਂ ਤਾਂ ਪ੍ਰਧਾਨ ਮੰਤਰੀ ਕਾਰਵਾਈ ਕਰਨ, ਅਦਾਲਤ ਦਾ ਕੰਮ ਨਹੀਂ: ਸੁਪਰੀਮ ਕੋਰਟ

**ਨਵੀਂ ਦਿੱਲੀ।** ਸੁਪਰੀਮ ਕੋਰਟ ਨੇ ਕੱਲ੍ਹ ਕੇਂਦਰੀ ਮੰਤਰੀ ਵੀ ਕੇ ਸਿੰਘ ਵਿਰੁੱਧ ਦਾਖ਼ਲ ਉਸ ਅਪੀਲਨੂੰ ਸੁਣਨ ਤੋਂ ਕੱਲ੍ਹ ਨਾਂਹ ਕਰ ਦਿੱਤੀ, ਜਿਸ ਵਿੱਚ ਕਿਹਾ ਗਿਆ ਸੀ ਕਿ ਚੀਨ ਨਾਲ ਅਸਲ ਕੰਟਰੋਲ ਰੇਖਾ (ਐਲ ਏ ਸੀ) ਉੱਤੇ ਭਾਰਤ ਦੀ ਸਥਿਤੀਬਾਰੇ ਟਿੱਪਣੀ ਕਰ ਕੇ ਉਨ੍ਹਾਂ ਨੇ ਸਹੁੰ ਦਾ ਉਲੰਘਣ ਕੀਤਾ ਹੈ।

ਇਸ ਬਾਰੇ ਅਦਾਲਤ ਨੇ ਕਿਹਾ, ‘‘ਜੇ ਮੰਤਰੀ ਸਹੀ ਨਹੀਂ ਤਾਂ ਪ੍ਰਧਾਨ ਮੰਤਰੀ ਇਸ ਬਾਰੇ ਕਾਰਵਾਈ ਕਰਨਗੇ, ਅਦਾਲਤ ਕੁਝ ਨਹੀਂ ਕਰ ਸਕਦੀ।'' ਚੀਫ ਜਸਟਿਸ ਐਨ ਵੀ ਰਾਮੰਨਾ, ਜਸਟਿਸ ਏ ਐਸ ਬੋਪੰਨਾ ਤੇ ਜਸਟਿਸ ਰਿਸ਼ੀਕੇਸ਼ ਰਾਏ ਦੀ ਬੈਂਚ ਨੇ ਇਸ ਟਿੱਪਣੀ ਨਾਲ ਤਾਮਿਲਨਾਡੂ ਦੇ ਪਟੀਸ਼ਨਰ ਚੰਦਰਸ਼ੇਖਰਨ ਰਾਮਾਸਵਾਮੀ ਦੀ ਅਪੀਲ ਰੱਦ ਕਰ ਦਿੱਤੀ। ਰਾਮਾਸਵਾਮੀ ਖ਼ੁਦ ਨੂੰ ਵਿਗਿਆਨਕ ਦੱਸਦੇ ਹਨ। ਬੈਂਚ ਨੇ ਕਿਹਾ, ‘‘ਜੇ ਤੁਹਾਨੂੰ ਕਿਸੇ ਮੰਤਰੀ ਦਾ ਬਿਆਨ ਪਸੰਦ ਨਹੀਂ ਤਾਂ ਇਸ ਦਾ ਅਰਥ ਇਹ ਨਹੀਂ ਕਿ ਤੁਸੀਂ ਅਪੀਲ ਕਰ ਕੇ ਬਿਆਨ ਵਾਪਸ ਲੈਣ ਨੂੰ ਕਹੋਗੇ। ਜੇ ਮੰਤਰੀ ਸਹੀ ਨਹੀਂ ਤਾਂ ਪ੍ਰਧਾਨ ਮੰਤਰੀ ਇਸ ਬਾਰੇ ਕਾਰਵਾਈ ਕਰਨਗੇ, ਅਦਾਲਤ ਕੁਝ ਨਹੀਂ ਕਰ ਸਕਦੀ।''



# ਸ਼ਾਇਰ ਮੁਨੱਵਰ ਰਾਣਾ ਦੇ ਬੇਟੇ ਨੇ ਖ਼ੁਦ ਚਲਵਾਈਆਂ ਸਨ ਆਪਣੇ ਉੱਤੇ ਗੋਲੀਆਂ

**ਰਾਏਬਰੇਲੀ।** ਸ਼ਾਇਰ ਮੁਨੱਵਰ ਰਾਣਾ ਦੇ ਬੇਟੇ ਤਬਰੇਜ ਰਾਣਾ ਨੇ ਹੀ ਖੁਦ ਉੱਤੇ ਗੋਲੀਆਂ ਚਲਵਾਈਆਂ ਸੀ। ਉਸ ਨੇ ਜਾਇਦਾਦ ਦੇ ਝਗੜੇ ਵਿੱਚ ਚਾਚੇ ਅਤੇ ਚਚੇਰੇ ਭਰਾ ਨੂੰ ਫਸਾਉਣ ਅਤੇ ਚਰਚਾ ਵਿੱਚ ਆਉਣ ਲਈ ਇਹ ਸਾਜ਼ਿਸ਼ ਰਚੀ ਸੀ। ਰਾਏਬਰੇਲੀ ਪੁਲਸ ਨੇ ਸ਼ੂਟਰ ਸਮੇਤ ਚਾਰ ਦੋਸ਼ੀਗ੍ਰਿਫ਼ਤਾਰ ਕਰ ਲਏ ਹਨ।

ਐੱਸ ਐੱਸ ਪੀ ਸ਼ਲੋਕ ਕੁਮਾਰ ਨੇ ਪੱਤਰਕਾਰਾਂ ਵਿੱਚ ਦੱਸਿਆ ਕਿ ਕੱਲ੍ਹ ਸ਼ਾਮ ਰਾਏਬਰੇਲੀ ਵਿੱਚ ਤ੍ਰਿਪੁਲਾ ਚੌਰਾਹੇ ਦੇ ਕੋਲ ਤਬਰੇਜ ਰਾਣਾ ਉੱਤੇਹਮਲਾ ਹੋਣ ਦੀ ਖਬਰ ਦੇ ਬਾਅਦ ਗੋਲੀਆਂ ਦੇ ਨਿਸ਼ਾਨ ਕਾਰ ਉੱਤੇਮਿਲੇ ਸਨ। ਉਸ ਨੇ ਚਾਰ ਚਾਚਿਆਂ ਅਤੇ ਇੱਕ ਚਚੇਰੇ ਭਰਾ ਵਿਰੁੱਧ ਸ਼ਿਕਾਇਤ ਕੀਤੀ ਸੀ। ਪੈਟ੍ਰੋਲ ਪੰਪ, ਹੋਟਲ ਦੇ ਸੀ ਸੀ ਕੈਮਰੇ ਅਤੇ ਤਬਰੇਜ ਦੇ ਮੋਬਾਈਲ ਫ਼ੋਨ ਦੀ ਕਾਲ ਡਿਟੇਲ ਤੋਂ ਸਚਾਈ ਲੱਭ ਪਈ। ਪਤਾ ਲੱਗਾ ਕਿ ਤਬਰੇਜ 26 ਜੂਨ ਨੂੰ ਰਾਏਬਰੇਲੀ ਆਇਆ ਸੀ ਅਤੇ ਮੋਟਲਾ ਚੌਰਾਹੇ ਕੋਲ ਇੱਕ ਹੋਟਲ ਵਿੱਚ ਰੁਕਿਆ ਸੀ। ਉਸ ਨੇ ਨਵਾਂ ਪੁਰਵਾ ਦੇ ਹਲੀਮ ਨਾਲ ਇਸ ਹਮਲੇ ਦੀ ਸਾਜ਼ਿਸ਼ ਰਚੀ ਕਿ ਹਮਲਾ ਹੋਣ ਉੱਤੇ ਸੁਰੱਖਿਆ ਮਿਲ ਜਾਵੇਗੀ ਅਤੇ ਵਿਵਾਦਿਤ ਜਾਇਦਾਦ ਖੋਹਣ ਵਿੱਚ ਅੜਿੱਕਾ ਪਾਉਂਦੇ ਚਾਚੇ ਤੇ ਚਚੇਰੇ ਭਰਾ ਉੱਤੇ ਕੇਸ ਦਰਜ ਹੋਣ ਨਾਲ ਉਹ ਪਿੱਛੇ ਹਟ ਜਾਣਗੇ। ਹਲੀਮ ਨੇ ਆਪਣੇ ਸਾਥੀ ਨਵਾਂ ਪੁਰਵਾ ਦੇ ਸੁਲਤਾਨ ਅਲੀ, ਸ਼ੁਭਮ ਸਰਕਾਰ ਅਤੇ ਹੰਸਾ ਦੇ ਸਤਯੇਂਦਰ ਤ੍ਰਿਪਾਠੀ ਨਾਲ ਮਿਲ ਕੇ ਖੁਦ ਵਾਰਦਾਤ ਕਰਵਾਈ ਸੀ।



# ਸੁਖਬੀਰ ਸਿੰਘ ਬਾਦਲ ਵੱਲੋਂ ਜਲਾਲਾਬਾਦ ਅਤੇ ਲੰਬੀ ਦੋ ਥਾਂਵਾਂ ਤੋਂ ਚੋਣ ਲੜਨ ਦਾ ਸੰਕੇਤ

**ਲੰਬੀ।** ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਹਲਕਾ ਲੰਬੀ ਤੋਂ ਚੋਣ ਲੜਨ ਦੇ ਸੰਕੇਤ ਇੱਕ ਵਾਰ ਫਿਰ ਦੁਹਰਾਏ ਹਨ, ਜਿਸ ਨਾਲ ਉਨ੍ਹਾਂ ਦੇ ਜਲਾਲਾਬਾਦ ਅਤੇ ਲੰਬੀ ਦੋਵਾਂ ਹਲਕਿਆਂ ਤੋਂ ਵਿਧਾਨ ਸਭਾ ਚੋਣ ਲੜਨਾ ਲੱਗਭਗ ਯਕੀਨੀ ਹੋ ਗਿਆ ਹੈ। ਇਹ ਪ੍ਰਗਟਾਵਾ ਉਨ੍ਹਾਂ ਨੇ ਮਾੜੀ ਬਿਜਲੀ ਸਪਲਾਈ ਦੇ ਖ਼ਿਲਾਫ਼ ਕੱਲ੍ਹ ਲੰਬੀ ਵਿੱਚ ਧਰਨੇ ਮੌਕੇ ਜਨਤਕ ਤੌਰ ਉੱਤੇਕੀਤਾ ਹੈ ਕਿ ਉਹ ਲੰਬੀ ਤੋਂ ਚੋਣ ਲੜਨਗੇ।ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਵਰਕਰਾਂ ਨੂੰ ਅਪੀਲ ਕੀਤੀ: ‘ਆਹ ਲੜਾਈ ਤੁਹਾਨੂੰ ਲੜਨੀ ਪੈਣੀ ਐ। ਲੰਬੀ ਵਾਲਿਓ,ਛੇ ਮਹੀਨੇ ਸਾਰੇ ਪੰਜਾਬ ਵਿੱਚ ਜਾਣ ਲਈ ਮੈਂ ਗੱਡੀ ਵਿੱਚਬਿਸਤਰੇ ਰੱਖ ਲਏ। ਘੱਟੋ-ਘੱਟ 40 ਹਜ਼ਾਰ ਦੀ ਲੀਡ ਹੋਣੀ ਚਾਹੀਦੀ ਹੈ। ਤੁਸੀਂ ਘਰ-ਘਰ ਜਾਣਾ ਹੈ।’ ਇਸ ਐਲਾਨ ਨਾਲ ਸੁਖਬੀਰ ਸਿੰਘ ਬਾਦਲ ਦੇ ਲੰਬੀ ਤੋਂ ਚੋਣ ਲੜਨ ਬਾਰੇ ਮੰਨੇ ਜਾ ਰਹੇ ਸੰਕੇਤ ਫਿਰ ਪੱਕੇ ਹੋ ਗਏ ਹਨ। ਇਸ ਤੋਂ ਪਹਿਲਾਂ



ਬੀਤੇ ਮਾਰਚ ਮਹੀਨੇ ਸੁਖਬੀਰ ਸਿੰਘ ਬਾਦਲ ਨੇ ਲੰਬੀ ਹਲਕੇ ਵਿੱਚ ਹਾਈ-ਪ੍ਰੋਫਾਈਲ ਤਿਆਰੀਆਂ ਹੇਠ ਹਰ ਸੌ ਵੱਟਦਾ ਇੱਕ ਇੰਚਾਰਜ ਥਾਪਿਆ ਸੀ ਅਤੇ ਲੰਬੀ ਹਲਕੇ ਤੋਂ ਖ਼ੁਦ ਚੋਣ ਲੜਨ ਦੇ ਸੰਕੇਤ ਦੇ ਕੇ ਕਾਡਰ ਨੂੰ ਸਰਗਰਮੀ ਨਾਲ ਡਟਣ ਲਈ ਪ੍ਰੇਰਿਆ ਸੀ। ਉਸ ਪਿਛਲੀ ਫੇਰੀ ਦੌਰਾਨ ਉਨ੍ਹਾਂ ਨੇ ਜਲਾਲਾ-ਬਾਦ ਰੈਲੀ ਵਿੱਚ ਹਲਕਾ ਜਲਾਲਾਬਾਦ ਤੋਂ ਚੋਣ ਲੜਨ ਦਾ ਐਲਾਨ ਵੀ ਕੀਤਾ ਸੀ, ਜਿਸ ਨਾਲ ਸਿਆਸੀ ਹਲਕਿਆਂ ਵਿੱਚ 2022 ਵਿੱਚ ਲੰਬੀ ਤੋਂ ਪ੍ਰਕਾਸ਼ ਸਿੰਘ ਬਾਦਲ ਦੇ ਚੋਣ ਲੜਨ ਦੇ ਚਰਚੇ ਸ਼ੁਰੂ ਹੋ ਗਏ ਸਨ।ਛੋਟੇ ਬਾਦਲ ਦੇ ਨੇੜਲੇ ਸੂਤਰ ਉਨ੍ਹਾਂ ਦੇ ਲੰਬੀ ਹਲਕੇ ਤੋਂ ਚੋਣ ਲੜਨ ਦੀ ਗੱਲ ਕਹਿੰਦੇ ਸਨ। ਲੰਬੀ ਹਲਕਾ ਬਾਦਲ ਪਰਵਾਰ ਦਾ ਸਿਆਸੀ ਕਿਲ੍ਹਾ ਅਖਵਾਉਂਦਾ ਹੈ। ਇਸ ਸਮੇਂ ਵਿੱਚ ਇੱਥੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਸ ਹਲਕੇ ਤੋਂ ਵਿਧਾਇਕ ਹਨ, ਜਿਹੜੇ 1997 ਤੋਂ ਪੰਜ ਵਾਰੀਆਂ ਤੋਂ ਲਗਾਤਾਰ ਏਥੋਂ ਚੋਣਾਂ ਜਿੱਤਦੇ ਆਏ ਹਨ।

# ਕੈਪਟਨ ਅਮਰਿੰਦਰ ਨੇ ਪਿਛਲੇ ਸਾਢੇ 4 ਸਾਲ ਵਿੱਚ ਪੰਜਾਬ ਨੂੰ ਕੀਤਾ ਤਬਾਹ-ਭਗਵੰਤ ਮਾਨ

**ਚੰਡੀਗੜ੍ਹ।** ਅੱਤ ਦੀ ਗਰਮੀ ਵਿੱਚ ਬਿਜਲੀ ਨਾ ਮਿਲਣ ਕਾਰਨ ਪੰਜਾਬ ਦਾ ਹਰ ਵਸਨੀਕ ਘਰ ਤੋਂ ਬਾਹਰ ਨਿਕਲ ਕੇ ਧਰਨੇ ਪ੍ਰਦਰਸਨ ਕਰ ਰਿਹਾ ਹੈ, ਕੇਵਲ ਇੱਕ ਬੰਦਾ ਜਿਹੜੇ ਆਪਣੇ ਘਰ ਵਿੱਚ ਬੈਠਾ ਮੌਜਾਂ ਮਾਣ ਰਿਹਾ ਹੈ ਅਤੇ ਉਹ ਹੈ ਪੰਜਾਬ ਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ। ਇਹ ਗੱਲਾਂ ਦਾ ਪ੍ਰਗਟਾਵਾ ਸੁੱਕਰਵਾਰ ਨੂੰ ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਸੂਬਾ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਪ੍ਰੈਸ ਕਾਨਫਰੰਸ ਦੌਰਾਨ ਕਰਦਿਆਂ ਐਲਾਨ ਕੀਤਾ ਕਿ ਆਰਾਮ ਫਰਮਾ ਰਹੇ ਕੈਪਟਨ ਅਮਰਿੰਦਰ ਸਿੰਘ ਨੂੰ ਜਗਾਉਣ ਲਈ ਆਮ ਆਦਮੀ ਪਾਰਟੀ ਵੱਲੋਂ 3 ਜੁਲਾਈ ਦਿਨ ਸਨੀਵਾਰ ਨੂੰ ਸਵੇਰੇ 11 ਵਜੇ ਕੈਪਟਨ ਦੇ ਸਿਸਵਾਂ ਫਾਰਮ ਹਾਊਸ ਦਾ ਘਿਰਾਓ ਕੀਤਾ ਜਾਵੇਗਾ।




ਬਿਜਲੀ ਨਾ ਮਿਲਣ ਕਾਰਨ ਪੰਜਾਬ ਵਿੱਚ ਮਚੀ ਹਾਹਾਕਾਰ ਬਾਰੇ ਚਿੰਤਾਂ ਪ੍ਰਗਟ ਕਰਦਿਆਂ ਭਗਵੰਤ ਮਾਨ ਨੇ ਕਿਹਾ, "ਹਾਕਮ ਮੌਜਾਂ ਕਰਨ, ਆਮ ਲੋਕ ਭੁੱਖੇ ਮਰਨ। ਇਹ ਹੁਣ ਜਿਆਦਾ ਸਮਾਂ ਨਹੀਂ ਚੱਲੇਗਾ।" ਉਨ੍ਹਾਂ ਕਿਹਾ ਕਿ 3 ਜੁਲਾਈ ਨੂੰ ਪੰਜਾਬ ਦੇ ਲੋਕ ਕੈਪਟਨ ਅਮਰਿੰਦਰ ਸਿੰਘ ਦੇ ਸਿਸਵਾਂ ਫਾਰਮ ਹਾਊਸ ਦੇ ਮੀਟਰ ਚੈੱਕ ਕਰਕੇ ਪਤਾ ਲਗਾਉਣਗੇ ਕਿ ਇੱਥੇ ਕਿੰਨੇ ਕੁ ਘੰਟੇ ਬਿਜਲੀ ਦਾ ਕੱਟ ਲੱਗ ਰਿਹਾ ਹੈ ਕਿਉਂਕਿ ਪੰਜਾਬ ਵਿੱਚ ਘਰਾਂ ਦੀ ਬਿਜਲੀ ਸਪਲਾਈ 'ਤੇ ਭਾਰੀ ਕੱਟ ਲੱਗਣ ਕਾਰਨ ਲੋਕਾਂ ਨੂੰ ਸੜਕਾਂ 'ਤੇ ਆਉਣਾ ਪੈ ਰਿਹਾ ਹੈ ਅਤੇ ਟਿਊਬਵੈਲਾਂ ਦੀ ਬਿਜਲੀ ਨਾ ਆਉਣ ਕਾਰਨ ਕਿਸਾਨਾਂ ਨੂੰ ਮਜਬੂਰੀ ਵਸ ਝੋਨਾ ਖੇਤਾਂ ਵਿੱਚ ਵਾਹੁਣਾ ਪੈ ਰਿਹਾ ਹੈ।

ਭਗਵੰਤ ਮਾਨ ਨੇ ਕਿਹਾ ਕਿ ਪਿਛਲੀਆਂ ਚੋਣਾਂ ਵੇਲੇ ਤਾਂ ਕੈਪਟਨ ਅਮਰਿੰ-ਦਰ ਸਿੰਘ ਅਤੇ ਕਾਂਗਰਸ ਪਾਰਟੀ ਨੇ ਲੋਕਾਂ ਨਾਲ ਬਹੁਤ ਵਾਅਦੇ ਕੀਤੇ ਸਨ, ਪਰ ਪੂਰਾ ਕੋਈ ਵੀ ਨਹੀਂ ਕੀਤਾ। ਸਗੋਂ ਅਕਾਲੀ ਦਲ ਅਤੇ ਭਾਜਪਾ ਦੀ ਸਰਕਾਰ ਵੱਲੋਂ ਲਾਗੂ ਕੀਤੇ ਪੰਜਾਬ ਮਾਰੂ ਬਿਜਲੀ ਸਮਝੌਤੇ ਅਤੇ ਮਾਫੀਆ ਰਾਜ ਕੈਪਟਨ ਅਮਰਿੰਦਰ ਸਿੰਘ ਦੇ ਰਾਜ ਵਿੱਚ ਉਸੇ ਤਰ੍ਹਾਂ ਚੱਲ ਰਿਹੇ ਹਨ। ਬਾਦਲਾਂ ਵੱਲੋਂ ਪ੍ਰਾਈਵੇਟ ਥਰਮਲ ਪਲਾਂਟਾਂ ਨਾਲ ਕੀਤੇ ਗਏ ਗਲਤ ਸਮਝੌਤੇ ਅਤੇ ਮੌਜੂਦਾ ਕਾਂਗਰਸ ਸਰਕਾਰ ਵੱਲੋਂ ਸਮਝੌਤੇ ਰੱਦ ਨਾ ਕੀਤੇ ਜਾਣ ਕਾਰਨ ਸੂਬੇ ਵਿੱਚ ਬਿਜਲੀ ਦੀ ਮਾੜੀ ਹਾਲਤ ਬਣੀ ਹੈ। ਬਾਦਲਾਂ ਵੱਲੋਂ ਕੀਤੇ ਪੰਜਾਬ ਮਾਰੂ ਬਿਜਲੀ ਸਮਝੌਤਿਆਂ ਦਾ ਜਕਿਰ ਕਰਦਿਆਂ ਭਗਵੰਤ ਮਾਨ ਨੇ ਦੱਸਿਆ ਕਿ ਪ੍ਰਾਈਵੇਟ ਕੰਪਨੀਆਂ ਆਪਣੀ ਮਰਜੀ ਨਾਲ ਥਰਮਲ ਪਲਾਂਟ ਬੰਦ ਰੱਖ ਸਕਦੀਆਂ ਹਨ ਅਤੇ ਥਰਮਲ ਪਲਾਂਟ ਬੰਦ ਹੋਣ 'ਤੇ ਪੰਜਾਬ ਸਰਕਾਰ ਵੱਲੋਂ ਥਰਮਲ ਪ੍ਰਬੰਧਕਾਂ ਨੂੰ ਰੁਪਇਆ ਦੇ ਰੂਪ ਵਿੱਚ ਫਿਕਸ ਚਾਰਜ ਦੇਣਾ ਪੈਂਦਾ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਕਰੀਬ 20,000 ਕਰੋੜ ਰਪਏ ਫਿਕਸ ਚਾਰਜ ਵੱਲੋਂ ਪ੍ਰਾਈਵੇਟ ਬਿਜਲੀ ਕੰਪਨੀਆਂ ਨੂੰ ਦਿੱਤੇ ਜਾ ਚੁੱਕੇ ਹਨ, ਜਿਸ ਨਾਲ ਪੰਜਾਬ ਦੇ ਖਜਾਨੇ ਦੀ ਲੁੱਟ ਹੋਈ ਹੈ। ਬਾਦਲਾਂ ਦੀ ਤਰ੍ਹਾਂ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਨੂੰ ਆਰਥਿਕ ਤੌਰ 'ਤੇ ਬਰਬਾਦ ਕਰਨ ਅਤੇ ਆਪਣੇ ਘਰ ਨੂੰ ਭਰਨ 'ਤੇ ਲੱਕ ਬੰਨ੍ਹਿਆ ਹੋਇਆ ਹੈ।

ਉਨ੍ਹਾਂ ਦੋਸ ਲਾਇਆ, "ਕੈਪਟਨ ਨੇ ਗਲਤ ਬਿਜਲੀ ਸਮਝੌਤੇ ਰੱਦ ਨਾ ਕਰਕੇ, ਪੰਜਾਬ ਦੇ ਲੋਕਾਂ ਨੂੰ ਧੋਖਾ ਦਿੱਤਾ ਹੈ" ਅੱਜ ਜਦੋਂ ਪੰਜਾਬ ਦੇ ਕਿਸਾਨ, ਮਜਦੂਰ, ਕਾਰੋਬਾਰੀ, ਉਦਯੋਗਪਤੀ, ਮੁਲਾਜਮ, ਵਿਦਿਆਰਥੀ ਭਾਵ ਹਰ ਵਰਗ ਬਿਜਲੀ ਨਾ ਮਿਲਣ ਕਾਰਨ ਤ੍ਰਾਹ ਤ੍ਰਾਹ ਕਰ ਰਿਹਾ ਹੈ ਤਾਂ ਉਸ ਸਮੇਂ ਕੈਪਟਨ ਅਮਰਿੰਦਰ ਸਿੰਘ ਕਾਂਗਰਸੀ ਵਿਧਾਇਕਾਂ ਨਾਲ ਆਪਣੇ ਫਾਰਮ ਹਾਊਸ 'ਤੇ 36 ਪ੍ਰਕਾਰ ਦੇ ਖਾਣਿਆਂ ਦਾ ਆਨੰਦ ਮਾਣ ਰਿਹਾ ਹੈ ਅਤੇ ਦੂਜੇ ਪਾਸੇ ਅੱਧੇ ਕਾਂਗਰਸੀ ਵਿਧਾਇਕ ਤੇ ਮੰਤਰੀ ਆਪਣੀਆਂ ਕੁਰਸੀਆਂ ਬਚਾਉਣ ਲਈ ਦਿੱਲੀ ਦਰਬਾਰ ਦੇ ਪੈਰਾਂ ਵਿੱਚ ਨੱਕ ਰਗੜ ਰਹੇ ਹਨ। ਬਿਜਲੀ ਦੀ ਮਾੜੀ ਸਥਿਤੀ ਬਾਰੇ ਸੁਖਬੀਰ ਬਾਦਲ ਵੱਲੋਂ ਕੀਤੇ ਜਾ ਰਹੇ ਪ੍ਰਦਰਸਨਾਂ ਨੂੰ ਡਰਾਮੇਬਾਜੀ ਕਰਾਰ ਦਿੰਦਿਆਂ ਭਗਵੰਤ ਮਾਨ ਨੇ ਕਿਹਾ ਕਿ ਅਕਾਲੀ ਦਲ ਬਾਦਲ ਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਪ੍ਰਾਈਵੇਟ ਬਿਜਲੀ ਕੰਪਨੀਆਂ ਨਾਲ ਗਲਤ ਸਮਝੌਤੇ ਕੀਤੇ ਸਨ। ਉਨ੍ਹਾਂ ਸਾਬਕਾ ਮੰਤਰੀ ਬਿਕਰਮ ਮਜੀਠੀਆ ਨੂੰ ਸਵਾਲ ਕੀਤਾ ਕਿ ਉਹ ਦੱਸਣ ਕਿ ਅਕਾਲੀ ਸਰਕਾਰ ਵੇਲੇ ਕਿੰਨੇ ਸੋਲਰ ਪਾਵਰ ਪਲਾਂਟ ਅਤੇ ਕਿਸ ਕਿਸ ਦੇ ਨਾਂਅ 'ਤੇ ਲਾਏ ਸਨ?

# ਅੰਟਾਰਕਟਿਕਾ ਵਿੱਚ ਰਿਕਾਰਡ ਤੋੜ ਗਰਮੀ ਪੈਣ ਲੱਗੀ

**ਨਿਊਯਾਰਕ।** ਦੁਨੀਆ ਦੇ ਸਭ ਤੋਂ ਠੰਢੇ ਥਾਵਾਂ ਵਿੱਚੋਂ ਇੱਕ ਅੰਟਾਰਕਟਿਕਾ ਉੱਤੇ ਭਿਅੰਕਰ ਗਰਮੀ ਨੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਯੂ ਐੱਨ ਓ ਨੇ ਮੰਨਿਆ ਹੈ ਕਿ ਅੰਟਾਰਕਟਿਕਾ ਮਹਾਂਦੀਪ ਉੱਤੇ ਪਾਰਾ ਪਿਛਲੇ ਸਾਲ 18.3 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ ਸੀ, ਇਸ ਵਾਰੀ ਹੋਰ ਵਧ ਸਕਦਾ ਹੈ।

ਯੂ ਐੱਨ ਦੇ ਵਰਲਡ ਮੈਟਰੋਲਾਜ਼ੀਕਲ ਆਰਗੇਨਾਈਜੇਸ਼ਨ ਨੇ ਦੱਸਿਆ ਕਿ 6 ਫਰਵਰੀ 2020 ਨੂੰ ਅੰਟਾਰਕਟਿਕਾ ਇਲਾਕੇ ਵਿੱਚ ਅਰਜਨਟੀਨਾ ਦੇ ਇਸਪੇਰੰਜਾ ਖੋਜ ਸਟੇਸ਼ਨ ਉੱਤੇ ਤਾਪਮਾਨ 18.3 ਡਿਗਰੀ ਸੈਲਸੀਅਸ ਸੀ। ਸੰਗਠਨ ਦੇ ਜਨਰਲ ਸੈਕਟਰੀ ਪੇਟਾਰੀ ਤਾਲਸ ਨੇ ਕਿਹਾ ਕਿ ਏਨੇ ਵੱਧ ਤਾਪਮਾਨ ਦੇ ਰਿਕ-ਾਰਡ ਦੀ ਪੁਸ਼ਟੀ ਜ਼ਰੂਰੀ ਸੀ ਕਿਉਂਕਿ ਉਥੇ ਦੇ ਮੌਸਮ ਅਤੇ ਜਲਵਾਯੂ ਬਾਰੇ ਇੱਕ ਵਿਆਪਕ ਸਮਝ ਬਣਾਉਣ ਵਿੱਚ ਮਦਦ ਕਰਦਾ ਹੈ। ਉਨ੍ਹਾਂ ਕਿਹਾ ਕਿ ਅੰਟਾਰਕ-ਟਿਕਾ ਇਲਾਕਾ ਧਰਤੀ ਦੇ ਸਭ ਤੋਂ ਜ਼ਿਆਦਾ ਤੇਜ਼ੀ ਨਾਲ ਗਰਮ ਇਲਾਕਿਆਂ ਵਿੱਚੋਂ ਇੱਕ ਹੈ। ਇੱਥੇ ਪਾਰਾ 50 ਸਾਲ ਵਿੱਚ ਤਿੰਨ ਡਿਗਰੀ ਸੈਲਸੀਅਸ ਤੱਕ ਵਧ ਗਿਆ ਹੈ। ਜਲਵਾਯੂ ਪਰਿਵਰਤਨ ਕਾਰਨ ਇਹ ਤਾਪਮਾਨ ਬਣਿਆ ਹੈ। ਵਧਦੀ ਗਰਮੀ ਦੇ ਸੰਕੇਤ ਦੇ ਬਾਅਦ ਯੂ ਐੱਨ ਦੀ ਸੰਸਥਾ ਨੇ ਇਸ ਇਲਾਕੇ ਵਿੱਚ ਮੌਸਮ ਦੀ ਸਥਿਤੀ ਦੀ ਜਾਂਚ ਕੀਤੀ ਹੈ। ਇੱਥੇ ਬਰਫ਼ ਦੇ ਰੂਪ ਵਿੱਚ ਏਨਾ ਪਾਣੀ ਹੈ ਕਿ ਪਿਘਲਣ ਨਾਲ ਦੁਨੀਆ ਭਰ ਵਿੱਚ ਸਮੁੰਦਰ ਦਾ ਪੱਧਰ 200 ਫੁੱਟ ਤੱਕ ਵਧ ਸਕਦਾ ਹੈ।



# ਗੁੱਡ ਮੌਰਨਿੰਗ ਕਲੱਬ ਦੇ ਨਵਨਿਯੁਕਤ ਪ੍ਰਧਾਨ ਵੱਲੋਂ ਸੇਵਾਵਾਂ ਦੀ ਸ਼ੁਰੂਆਤ ਦਾ ਨਿਵੇਕਲਾ ਢੰਗ

## ਡਾ. ਮਨਜੀਤ ਸਿੰਘ ਢਿੱਲੋਂ ਵੱਲੋਂ ਆਪਣੇ ਹੱਥੀਂ ਚਮਕਾਇਆ ਗਿਆ ਮਿਊਂਸਪਲ ਪਾਰਕ





**ਕੋਟਕਪੂਰਾ।** ਗੁੱਡ ਮੌਰਨਿੰਗ ਵੈਲਫੇਅਰ ਕਲੱਬ ਦੇ ਨਵਨਿਯੁਕਤ ਪ੍ਰਧਾਨ ਡਾ. ਮਨਜੀਤ ਸਿੰਘ ਢਿੱਲੋਂ ਨੇ ਆਪਣੀਆਂ ਸੇਵਾਵਾਂ ਦੀ ਸ਼ੁਰੂਆਤ ਨਿਵੇਕਲੇ ਢੰਗ ਨਾਲ ਕਰਦਿਆਂ ਮਿਊਂਸਪਲ ਪਾਰਕ ਕੋਟਕਪੂਰਾ ਦੀ ਸਾਫ ਸਫਾਈ ਅਤੇ ਸੁੰਦਰਤਾ ਵਿੱਚ ਵਾਧਾ ਕਰਨ ਦੇ ਮੰਤਵ ਨਾਲ ਦੋ ਟਰੈਕਟਰ ਟਰਾਲੀਆਂ ਅਤੇ ਦਰਜਨ ਸਫਾਈ ਕਾਮੇ ਲਿਆ ਕੇ ਪਾਰਕ ਵਿੱਚੋਂ ਸਾਰਾ ਕੂੜਾ ਚੁਕਵਾ ਦਿੱਤਾ, ਜਦਕਿ ਕਲੱਬ ਦੇ ਮੈਂਬਰਾਂ ਨੇ ਵੀ ਕਾਮਿਆਂ ਦਾ ਸਹਿਯੋਗ ਕਰਦਿਆਂ ਪਾਰਕ ਦੇ ਸਾਰੇ ਦਰੱਖਤ ਪੇਂਟ ਕਰ ਦਿੱਤੇ ਅਤੇ ਟਰੈਕ ਸਮੇਤ ਪਾਰਕ ਦੀਆਂ ਅਹਿਮ ਅਰਥਾਤ ਢੁਕਵੀਂਆਂ ਥਾਵਾਂ ਨੂੰ ਚੰਗੀ ਤਰ੍ਹਾਂ ਧੋ ਦਿੱਤਾ। ਉਕਤ ਮਾਮਲੇ ਦਾ ਉਸਾਰੂ ਅਤੇ ਪ੍ਰੇਰਨਾਸਰੋਤ ਪਹਿਲੂ ਇਹ ਵੀ ਹੈ ਕਿ ਕੂੜਾ ਚੁੱਕਣ ਅਤੇ ਸਾਫ ਸਫਾਈ ਵਾਲੇ ਕੰਮ ਡਾ. ਮਨਜੀਤ ਸਿੰਘ ਢਿੱਲੋਂ ਮੈਨੇਜਿੰਗ ਡਾਇਰੈਕਟਰ ਬਾਬਾ ਫਰੀਦ ਨਰਸਿੰਗ ਕਾਲਜ ਕੋਟਕਪੂਰਾ ਅਤੇ ਡਿਪਟੀ ਡਾਇਰੈਕਟਰ ਡਾ ਪ੍ਰੀਤਮ ਸਿੰਘ ਛੋਕਰ ਨੇ ਆਪਣੇ ਹੱਥੀਂ ਕੀਤੇ। ਪ੍ਰੈਸ ਸਕੱਤਰ ਗੁਰਿੰਦਰ ਸਿੰਘ ਮਹਿੰਦੀਰੱਤਾ ਮੁਤਾਬਿਕ ਬਾਅਦ ਵਿੱਚ ਸਾਰੀ ਟੀਮ ਬੱਤੀਆਂ ਵਾਲੇ ਚੌਂਕ ਕੋਟਕਪੂਰਾ ਵਿਖੇ ਪੁੱਜੀ, ਜਿਥੇ ਸਾਰਿਆਂ ਨੇ ਬਾਬਾ ਫਰੀਦ ਜੀ ਦੀ ਤਸਵੀਰ ਵਾਲੇ ਬੋਰਡਾਂ ਨੂੰ ਚੰਗੀ ਤਰ੍ਹਾਂ ਸਾਫ ਕਰਕੇ ਸਾਰੇ ਚੌਂਕ ਨੂੰ ਵੀ ਧੋ ਕੇ ਲਿਸ਼ਕਾ ਦਿੱਤਾ। ਆਪਣੇ ਸੰਬੋਧਨ ਦੌਰਾਨ ਡਾ. ਢਿੱਲੋਂ ਅਤੇ ਡਾ ਛੋਕਰ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਆਖਿਆ ਕਿ ਸਿਆਣਿਆਂ ਦਾ ਕਥਨ ਹੈ 'ਜਿਥੇ ਸਫਾਈ ਉਥੇ ਖੁਦਾਈ' ਅਤੇ ਗੁਰੂ ਸਾਹਿਬਾਨ ਜੀ ਦੇ ਫਲਸਫੇ ਮੁਤਾਬਿਕ ਨੌਜਵਾਨਾਂ ਅਤੇ ਬੱਚਿਆਂ ਨੂੰ 'ਆਪਣੇ ਹੱਥੀਂ ਆਪਣਾ ਆਪੇ ਹੀ ਕਾਜ ਸਵਾਰੀਏ' ਵਾਲੀਆਂ ਆਦਤਾਂ ਅਪਣਾਉਣ ਲਈ ਪ੍ਰੇਰਿਤ ਕਰਨਾ ਪਵੇਗਾ। ਉਂਝ ਉਨ੍ਹਾਂ ਕਿਹਾ ਕਿ ਉਹ ਗੁੱਡ ਮੌਰਨਿੰਗ ਕਲੱਬ ਨੂੰ ਹੋਰ ਬੁਲੰਦੀਆਂ ਤੱਕ ਪਹੁੰਚਾਉਣ ਲਈ ਯਤਨਸ਼ੀਲ ਰਹਿਣਗੇ। ਇਸ ਮੌਕੇ ਸਾਬਕਾ ਪ੍ਰਧਾਨ ਗੁਰਬਚਨ ਸਿੰਘ ਟੋਨੀ, ਪੱਪੂ ਲਹੌਰੀਆ, ਸੁਰਿੰਦਰ ਸਿੰਘ ਸੁਪਰਡੈਂਟ ਸਮੇਤ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਵੀ ਭਵਿੱਖ ਵਿੱਚ ਹਰ ਤਰਾਂ ਦੇ ਸਹਿਯੋਗ ਦਾ ਵਿਸ਼ਵਾਸ਼ ਦਿਵਾਇਆ। ਇਸ ਮੌਕੇ ਸਾਰਿਆਂ ਲਈ ਰਿਫਰੈਸ਼ਮੈਂਟ ਅਤੇ ਨਾਸ਼ਤੇ ਦਾ ਵੀ ਪ੍ਰਬੰਧ ਕੀਤਾ ਗਿਆ ਸੀ।

# ਹਲਕਾ ਕਰਤਾਰਪੁਰ ਤੋਂ ਕਾਂਗਰਸ ਦੇ ਸੀਨੀਅਰ ਆਗੂ ਹੋਏ ਆਮ ਆਦਮੀ ਪਾਰਟੀ ਵਿੱਚ ਸ਼ਾਮਲ

**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ)** ਸ: ਬਲਕਾਰ ਸਿੰਘ ਸਾਬਕਾ ਡੀ.ਸੀ.ਪੀ ਸੰਭਾਵੀ ਉਮੀਦਵਾਰ ਹਲਕਾ ਕਰਤਾਰਪੁਰ ਜਦੋਂ ਤੋ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਹਨ ਲੋਕ ਵੱਖ-ਵੱਖ ਰਿਵਾਇਤੀ ਪਾਰਟੀਆ ਛੱਡ ਕੇ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ। ਸ: ਬਲਕਾਰ ਸਿੰਘ ਅਤੇ ਅਜੇ ਦੱਤ ਅੰਬੇਦਕਰ ਵਿਧਾਇਕ ਦਿੱਲੀ ਨੇ ਦੱਸਿਆ ਕੀ ਆਮ ਆਦਮੀ ਪਾਰਟੀ ਦਾ ਮੁੱਖ ਮਨੋਰਥ ਪੰਜਾਬ ਨੂੰ ਰਿਵਾਇਤੀ ਪਾਰਟੀਆ ਵੱਲੋ ਹੋ ਰਹੀ ਲੁੱਟ ਤੋ ਮੁਕਤ ਕਰਵਾਉਣਾ ਹੈ ਤੇ ਦਿੱਲੀ ਦੀ ਤਰਜ ਤੇ ਪੰਜਾਬ ਵਿੱਚ ਹਰ ਸਹੂਲਤ ਪ੍ਰਦਾਨ ਕਰਨਾ ਹੈ। ਸ: ਬਲਕਾਰ ਸਿੰਘ ਅਤੇ ਵਿਧਾਇਕ ਅਜੇ ਦੱਤ ਅੰਬੇਦਕਰ ਦੀ ਅਗਵਾਈ ਵਿੱਚ ਅੱਜ ਵਿਸ਼ੇਸ਼ ਤੌਰ ਭਾਰਤ ਸ਼ਰਮਾ ਹੈਮੂ ਸੀਨੀਅਰ ਕਾਂਗਰਸੀ ਲੀਡਰ ਸ਼ਹਿਰੀ ਕਰਤਾਰਪੁਰ, ਰਾਮਜੀ ਦਾਸ ਕਲੇਰ ਆਰੀਆ ਨਗਰ ਸਾਬਕਾ ਵਾਇਸ ਪ੍ਰਧਾਨ ਕਰਤਾਰਪੁਰ ਸ਼ਹਿਰੀ, ਵਿਜੈ ਠਾਕੁਰ ਮੌਜੂਦਾ ਵਾਇਸ ਪ੍ਰਧਾਨ ਕਾਂਗਰਸ ਸ਼ਹਿਰੀ, ਅਮਰਜੀਤ ਕੁੰਦਰਾ ਸੀਨੀਅਰ ਕਾਂਗਰਸੀ ਨੇਤਾ, ਰਾਜੀਵ ਕੁੰਦਰਾ, ਸੂਰਜ ਪ੍ਰਕਾਸ, ਰਾਹੁਲ , ਅਨੀਸ਼ ਕੁਮਾਰ , ਬਲਵਿੰਦਰ ਸਿੰਘ , ਮਨਪ੍ਰੀਤ ਸਿੰਘ (ਡਾ.ਮਨੂੰ) ਸਾਰੇ ਯੂਥ ਕਾਂਗਰਸੀ ਲੀਡਰ ਸਮੇਤ ਭਾਰੀ ਗਿਣਤੀ ਵਿੱਚ ਸਾਥੀ 'ਆਪ 'ਪਾਰਟੀ ਵਿੱਚ ਸ਼ਾਮਲ ਹੋਏ। ਇਸ ਮੌਕੇ ਪਾਰਟੀ ਦੀ ਹਾਈ ਕਮਾਂਡ ਤੋ ਇਲਾਵਾ ਸੁਰਿੰਦਰ ਪਾਲ ਕੌਂਸਲਰ , ਅਜੀਤ ਸਿੰਘ ਮੰਡ , ਗੁਰਪਾਲ



ਸਿੰਘ ਮਾਂਗੇਕੀ, ਲੱਬਾ ਰਾਮ ਬਲਾਕ ਪ੍ਰਧਾਨ , ਗੋਲਡੀ , ਹਰਵਿੰਦਰ ਸਿੰਘ ਅੰਬਗੜ , ਸੁਰੇਸ ਬਲਵੀਰ ਸਿੰਘ , ਸੂਬੇਦਾਰ ਹਰੀ ਸਿੰਘ, ਗੌਰਵ ਦੁੱਗਰੀ , ਬਿੰਦਾ ਦੁੱਗਰੀ , ਸੁਰਿੰਦਰ ਮਹੇ ਲਿੱਧੜਾ , ਰਮੇਸ ਕੁਮਾਰ , ਫਕੀਰ ਚੰਦ ਕੋਰੋਟਾਣਾ , ਗਗਨ ਦੁੱਗਰੀ , ਬਾਬਾ ਅੰਬਗੜ, ਸ੍ਰੀ ਮਤੀ ਖੁਸ਼ਵਿੰਦਰ ਕੌਰ, ਸ੍ਰੀ ਮਤੀ ਲਖਵਿੰਦਰ ਕੌਰ, ਕੁਲਵਿੰਦਰ ਸਿੰਘ ਸਿਵਦਾਸ ਪੁਰ , ਪ੍ਰਕਾਸ਼ ਰਾਮ, ਬੀਰ ਚੰਦ ਸੁਰੀਲਾ ਨੰਬਰਦ-ਾਰ, ਗਿਆਨ ਚੰਦ ਮੱਲ, ਅਮਰਜੀਤ ਸਿੰਘ (ਜੋਨੀ), ਸੁਰੇਸ ਕਲੇਰ ਆਦਿ ਵੀ ਹਾਜ਼ਰ ਸਨ।

# ਨਕੋਦਰ ਵਿੱਚ ਵਾਟਰ ਸਪਲਾਈ ਅਤੇ ਸੀਵਰੇਜ ਮੈਨ ਨੇ ਆਪਣੀਆਂ ਮੰਗਾਂ ਸਬੰਧੀ ਇੱਕ ਵਿਸ਼ੇਸ਼ ਮੀਟਿੰਗ ਕੀਤੀ

**ਨਕੋਦਰ (ਟੋਨੀ)** ਜਲ ਸਪਲਾਈ, ਸੀਵਰਮੈਨ, ਟਰਾਲੀ ਲਿਫਟਿੰਗ ਅਤੇ ਡੋਰ ਟੂ ਡੋਰ ਸਫ਼ਾਈ ਸੇਵਕਾਂ ਦੀ ਵਿਸ਼ੇਸ਼ ਮੀਟਿੰਗ ਹੋਈ ਜਿਸ ਵਿੱਚ ਸਫਾਈ ਮਜ਼ਦੂਰ ਯੂਨੀਅਨ ਦੇ ਮੁਖੀ ਚੰਦਨ ਗਰੇਵਾਲ ਨੇ ਵਿਸ਼ੇਸ਼ ਰੂਪ ਵਿੱਚ ਸ਼ਿਰਕਤ ਕੀਤੀ। ਇਸ ਦੌਰਾਨ ਜਲ ਸਪਲਾਈ ਕਮੇਟੀ ਦੇ ਮੁਖੀ ਸ. ਨਛੱਤਰ ਬਾਬਾ ਅਤੇ ਸੰਨੀ ਪ੍ਰਧਾਨ ਨੇ ਚੰਦਨ ਗਰੇਵਾਲ ਨੂੰ ਸਫ਼ਾਈ ਸੇਵਕਾਂ ਨੂੰ ਦਰਪੇਸ਼ ਮੁਸ਼ਕਿਲਾਂ ਤੋਂ ਜਾਣੂ ਕਰਵਾਇਆ। ਚੰਦਨ ਗਰੇਵਾਲ ਨੇ ਸਫ਼ਾਈ ਸੇਵਕਾਂ ਨੂੰ ਭਰੋਸਾ ਦਿਵਾਇਆ ਕਿ ਉਹਨਾਂ ਨੂੰ ਆ ਰਹੀਆਂ ਮੁਸ਼ਕਲਾਂ ਨੂੰ ਜਲਦ ਹੱਲ ਕੀਤਾ ਜਾਵੇਗਾ। ਇਸ ਮੌਕੇ ਭਾਰਤੀ ਵਾਲਮੀਕੀ ਧਰਮ ਸਮਾਜ ਦੇ ਪਰਸੋਤਮ ਲਾਲ ਬਿੱਟੂ, ਉਜਲਾ ਸੋਧੀ ਹੈਪੀ, ਗੁਰੂਦੇਵ, ਰਾਹੁਲ ਸ਼ਰਮਾ, ਰਾਕੀ ਸੋਧੀ, ਵਿੱਕੀ, ਵਿਨੋਦ ਗਿੱਲ, ਸੁਰੇਸ਼ ਸਫਾਈ ਸੇਵਕਾਂ ਤੋਂ ਇਲਾਵਾ ਮੌਜੂਦ ਸਨ।



# ਹਲਕਾ ਵਿਧਾਇਕ ਡੈਨੀ ਬੰਡਾਲਾ ਅਚਾਨਕ ਸ਼ਹਿਰ ਦੀ ਸਰਕਾਰੀ ਗਰਾਂਊਂਡ ਵਿਖੇ ਪਹੁੰਚੇ

## ਨੌਜਵਾਨਾਂ ਨੂੰ ਗਰਾਊਂਡ ਵਿੱਚ ਆਉਂਦੀਆਂ ਮੁਸ਼ਕਲਾਂ ਸੁਣੀਆਂ

**ਜੰਡਿਆਲਾ ਗੁਰੂ (ਕੁਲਵੰਤ ਸਿੰਘ ਵਿਰਦੀ)** ਦੁਸਹਿਰਾ ਗਰਾਊਂਡ ਜੰਡਿਆਲਾ ਗੁਰੂ ਵਿਖੇ ਸ਼ਹਿਰ ਦੇ ਨੌਜਵਾਨਾਂ ਵੱਲੋਂ ਹਰ ਐਤਵਾਰ ਵੱਖ-ਵੱਖ ਖੇਡਾਂ ਤੋਂ ਇਲਾਵਾ ਵਿਸ਼ੇਸ਼ ਤੌਰ ਤੇ ਕ੍ਰਿਕਟ ਮੈਚ ਖੇਡ ਕਿ ਆਪਣਾ ਮਨੋਰੰਜਨ ਕੀਤਾ ਜਾਂਦਾ ਹੈ। ਐਤਵਾਰ ਹੋਣ ਕਾਰਨ ਨੌਜਵਾਨ ਕ੍ਰਿਕਟ ਮੈਚ ਖੇਡ ਰਹੇ ਸਨ ਤਾਂ ਇਸ ਮੌਕੇ ਅਚਾਨਕ ਹਲਕਾ ਵਿਧਾਇਕ ਸੁਖਵਿੰਦਰ ਸਿੰਘ ਡੈਨੀ ਬੰਡਾਲਾ ਦੁਸਹਿਰਾ ਗਰਾਊਂਡ ਵਿਚ ਪਹੁੰਚੇ ਜਿੱਥੇ ਹਲਕਾ ਵਿਧਾਇਕ ਡੈਨੀ ਬੰਡਾਲਾ ਵੱਲੋਂ ਖਿਡਾਰੀਆਂ ਨੂੰ ਮਿਲਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਕਿਹਾ ਕਿ ਇਹ ਮੇਰਾ ਕੋਈ ਸਰਕਾਰੀ ਦੌਰਾ ਨਹੀਂ ਬਲਕਿ ਕੁਝ ਸਮੇਂ ਤੋਂ ਸ਼ਿਕਾਇਤਾਂ ਮਿਲ ਰਹੀਆਂ ਸਨ ਕਿ ਸਰਕਾਰੀ ਗਰਾਊਂਡ ਦੀ ਹਾਲਤ ਠੀਕ ਨਹੀਂ ਹੈ ਅਤੇ ਖਿਡਾਰੀਆਂ ਨੂੰ ਕਈ ਮੁਸ਼ਕਿਲਾਂ ਆ ਰਹੀਆਂ ਹਨ। ਇਸ ਮੌਕੇ ਉਹਨਾਂ ਨੇ ਮੈਚ ਖੇਡ ਰਹੇ ਵੱਖ ਵੱਖ ਖਿਡਾਰੀਆਂ ਦੇ ਵਿਚਾਰ ਸੁਣੇ ਅਤੇ ਭਰੋਸਾ ਦਿਵਾਇਆ ਕਿ ਨੌਜਵਾਨ ਖਿਡਾਰੀਆਂ ਦੀਆਂ ਹਰੇਕ ਮੁਸ਼ਕਿਲ ਨੂੰ ਪਹਿਲ ਦੇ ਆਧਾਰ ਤੇ ਦੂਰ ਕੀਤਾ ਜਾਵੇਗਾ। ਉਹਨਾਂ ਦੱਸਿਆ ਕਿ ਪਹਿਲਾਂ ਖਿਡਾਰੀਆਂ ਦੀ ਮੰਗ ਸੀ ਗਰਾਊਂਡ ਦੀ ਪੱਕੀ ਚਾਰ ਦਿਵਾਰੀ ਕਰਕੇ ਗੇਟ ਲਗਾਇਆ ਜਾਵੇ ਜੋ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤੇ ਤੁਹਾਡੇ ਨਿਮਾਣੇ ਸੇਵਕ ਨੇ ਕੰਮ ਪੂਰਾ ਕੀਤਾ ਅਤੇ ਹੁਣ ਵੀ ਗਰਾਊਂਡ ਵਿਚ ਖਿਡਾਰੀਆਂ ਨੂੰ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ। ਕਿਉਂਕਿ ਇਹ ਨੌਜਵਾਨ ਖਿਡਾਰੀ ਹੀ ਸਾਡਾ ਆਉਣ ਵਾਲਾ ਭਵਿਖ ਹਨ। ਉਹਨਾਂ ਨੇ ਖਿਡਾਰੀਆਂ ਦੀਆਂ ਕੁਝ ਮੁਸ਼ਕਿਲਾਂ ਜਿਵੇ ਪਿੱਚ ਠੀਕ ਕਰਵਾਉਣਾ, ਲਾਈਟਾਂ ਲਗਵਾਉਣੀਆ, ਪੀਣ ਲਈ ਪਾਣੀ ਵਾਲੀ ਮੋਟਰ, ਗਰਾਊਂਡ ਦੇ ਬਾਹਰ ਗੰਦਗੀ ਦੇ ਢੇਰ, ਕ੍ਰਿਕਟ ਦੀਆਂ ਕਿੱਟਾਂ ਆਦਿ ਅਫ਼ਸਰਾਂ ਨੂੰ ਫੋਨ ਕਰਕੇ ਪਹਿਲ ਦੇ ਆਧਾਰ ਤੇ ਕੰਮ ਕਰਨ ਲਈ ਕਿਹਾ। ਇਸ ਦੌਰਾਨ ਹਲਕਾ ਵਿਧਾਇਕ ਨੇ ਖੁਦ ਮੈਦਾਨ ਵਿਚ ਆਕੇ ਬੈਟਿੰਗ ਕਰਦੇ ਹੋਏ ਚੋਕੇ ਛੱਕੇ ਮਾਰਕੇ ਮਾਹੌਲ ਨੂੰ ਰੁਮਾਂਚਿਕ ਕਰ ਦਿਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਵਤਾਰ ਸਿੰਘ ਟੱਕਰ, ਸੋਨੂੰ ਬਰਾੜ ਪ੍ਰਧਾਨ ਯੂਥ ਕਾਂਗਰਸ ਸ਼ਹਿਰੀ, ਅਮਿਤ ਅਰੋੜਾ, ਜਸਵਿੰਦਰ ਸਿੰਘ ਨਿੱਜੀ ਸਹਾਇਕ, ਏ ਐਸ ਆਈ ਰਮੇਸ਼ ਕੁਮਾਰ ਆਦਿ ਮੌਜੂਦ ਸੀ।



# ਕੈਪਟਨ ਦਾ ਘਰ ਘੇਰਨ ਲਈ ਸੈਂਕੜੇ ਸਾਥੀਆਂ ਸਮੇਤ ਹਲਕਾ ਫਿਰੋਜ਼ਪੁਰ ਦਿਹਾਤੀ ਤੋਂ ਚੰਡੀਗੜ੍ਹ ਪਹੁੰਚੇ ਮੋੜਾ ਸਿੰਘ ਅਨਜਾਨ

**ਫਿਰੋਜਪੁਰ (ਅਸ਼ੋਕ ਭਾਰਦਵਾਜ)** ਪਿਛਲੇ ਕਾਫੀ ਲੰਮੇ ਸਮੇਂ ਤੋਂ ਪੰਜਾਬ ਦੇ ਲੋਕ ਬਿਜਲੀ ਸੰਕਟ ਦਾ ਸਾਹਮਣਾ ਕਰ ਰਹੇ ਹਨ ਜਿਸ ਦੇ ਮੱਦੇਨਜ਼ਰ ਆਮ ਆਦਮੀ ਪਾਰਟੀ ਵੱਲੋਂ ਇਕ ਵੱਡਾ ਐਲਾਨ ਕੀਤਾ ਗਿਆ ਹੈ ਜਿਸੁ ਵਿਚਿ ਕੈਪਟਨ ਅਮਰਿੰਦਰ ਸਿੰਘ ਸਿਸਵਾ ਵਿਖੇ ਘਰ ਨੂੰ ਘੇਰਨ ਦੀਆਂ ਤਿਆਰੀਆਂ ਕੀਤੀਆਂ ਗਈਆਂ ਹਲਕਾ ਫਿਰੋਜ਼ਪੁਰ ਦਿਹਾਤੀ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਮੋੜਾ ਸਿੰਘ ਅਨਜਾਣ ਦੀ ਅਗਵਾਈ ਵਿਚ ਵੀ ਵੱਡਾ ਕਾਫ਼ਲਾ ਹਲਕਾ ਫਿਰੋਜ਼ਪੁਰ ਦਿਹਾਤੀ ਤੋਂ ਘਰ ਰਵਾਨਾ ਹੋਇਆ ਜਿਸ ਵਿਚ ਸੈਂਕੜੇ ਵਰਕਰਾਂ ਨੇ ਮੋੜਾ ਸਿੰਘ ਅਨਜਾਨ ਦੇ ਨਾਲ ਸ਼ਮੂਲੀਅਤ ਕੀਤੀ ਅਨਜਾਨ ਨੇ ਕਿਹਾ ਕਿ ਪੰਜਾਬ ਦੇ ਲੋਕ ਕੈਪਟਨ ਸਰਕਾਰ ਤੋਂ ਇੰਨਾ ਤੰਗ ਆ ਚੁੱਕੇ ਹਨ ਕਿ ਇਕ ਬਸਿੰਦਾ ਕੈਪਟਨ ਅਮਰਿੰਦਰ ਸਿੰਘ ਦਾ ਘਰ ਘੇਰਨ ਲਈ ਸਾਡੇ ਨਾਲ ਕਾਫਲੇ ਦਾ ਹਿੱਸਾ ਬਣਿਆ ਉਨ੍ਹਾਂ ਨੇ ਕਿਹਾ ਕਿ ਜਦੋਂ ਤੱਕ ਪੰਜਾਬ ਦੇ ਲੋਕਾਂ ਨੂੰ ਸਹੀ ਰੂਪ ਵਿੱਚ ਬਿਜਲੀ ਸਪਲਾਈ ਮਿਲ ਹੀ ਜਾਂਦੀ ਅਤੇ ਪੰਜਾਬ ਸਰਕਾਰ ਬਿਜਲੀ ਦੇ ਰੇਟਾਂ ਨੂੰ ਘੱਟ ਕਰਕੇ ਕੰਪਨੀਆਂ ਨਾਲ ਕੀਤੇ ਬਿਜਲੀ ਸਮਝੌਤੇ ਰੱਦ ਨਹੀਂ ਕਰਦੀ ਉਦੋਂ ਤੱਕ ਸਾਡਾ ਸੰਘਰਸ਼ ਜਾਰੀ ਰਹੇਗਾ! ਇਸ ਸਮੇਂ ਉਨ੍ਹਾਂ ਨਾਲ ਜ਼ਿਲ੍ਹਾ ਮੀਡੀਆ ਇੰਚਾਰਜ ਨਿਰਵੈਰ ਸਿੰਘ ਸਿੰਧੀ, ਬਲਾਕ ਪ੍ਰਧਾਨ ਗੁਰਨੇਕ ਸਿੰਘ ਕੁੱਲਗੜ੍ਹੀ, ਮਾਤਾ ਭੁਪਿੰਦਰ



ਕੌਰ, ਬੀਬੀ ਸਵਿੰਦਰ ਕੌਰ, ਬਲਾਕ ਪ੍ਰਧਾਨ ਬਲਵਿੰਦਰ ਸਿੰਘ ਰਾਊਕੇ, ਸਰਕਲ ਪ੍ਰਧਾਨ ਦਰਸ਼ਨ ਸਿੰਘ ਜੋਧਪੁਰ, ਸਰਕਲ ਪ੍ਰਧਾਨ ਸੁਖਚੈਨ ਸਿੰਘ ਖਾਈ, ਸਰਕਲ ਪ੍ਰਧਾਨ ਜਤਿੰਦਰ ਸਿੰਘ ਢੋਟ, ਸਰਕਲ ਪ੍ਰਧਾਨ ਗੁਰਨਾਮ ਸਿੰਘ, ਬਲਵਿੰਦਰ ਸਿੰਘ, ਲੱਡੂ ਹਜ਼ਾਰਾਂ ਮਾਣ ਸਿੰਘ, ਦਵਿੰਦਰ ਸਿੰਘ, ਅਮਰਜੀਤ ਸਿੰਘ, ਸਿਵਨੰਦਨ ਕਾਲੀਆ, ਡਾਕਟਰ ਸੁਖਦੀਪ ਸਿੰਘ, ਸਾਨੂੰ ਸੋਢੀ, ਸੁਖਵਿੰਦਰ ਸਿੰਘ ਲੱਲੇ, ਸੁਖਵਿੰਦਰ ਸਿੰਘ ਸੁੱਖਾ, ਲਛਮਣ ਸਿੰਘ ਬਰਾੜ ਆਦਿ ਹਾਜਰ ਰਹੇ!

# ਜੋਤੀ ਮੋਤੀ ਸ਼ਿਵ ਮੰਦਰ ਵਿਖੇ ਹਫਤਾਵਾਰੀ ਸੰਕੀਰਤਨ ਦਾ ਆਯੋਜਨ ਕੀਤਾ ਗਿਆ

**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ)** ਗੰਗਸਰ ਬਾਜ਼ਾਰ ਵਿਚ ਸਥਿਤ ਜੋਤੀ ਮੋਤੀ ਸ਼ਿਵ ਮੰਦਰ ਵਿਚ, ਹਫ਼ਤਾਵਾਰੀ ਭਜਨ ਸੰਧਿਆ ਦਾ ਆਯੋਜਨ ਮੰਦਰ ਦੇ ਵਿਹੜੇ ਵਿਚ ਬੜੇ ਸ਼ਰਧਾ ਨਾਲ ਕੀਤਾ ਗਿਆ। ਜਿਸ ਵਿਚ ਸ੍ਰੀ ਰਾਧੇ ਕ੍ਰਿਸ਼ਨ ਗੋਵਿੰਦ ਸੰਕੀਰਤਨ ਮੰਡਲ ਕਰਤਾਰਪੁਰ ਦੇ ਪੁਰਸ਼ੋਤਮ ਸ਼ਰਮਾ, ਵਨਮਾਲੀ ਕਾਂਤ ਸ਼ਰਮਾ, ਵਰੁਣ ਗੌਤਮ ਨੇ ਸ੍ਰੀ ਰਾਧਾ ਕ੍ਰਿਸ਼ਨ ਜੀ ਦੇ ਭਜਨ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਆਰਤੀ ਦੇ ਬਾਅਦ ਸਮੂਹ ਸੰਗਤਾਂ ਵਿਚ ਪ੍ਰਸ਼ਾਦ ਵੰਡਿਆ ਗਿਆ। ਇਸ ਮੌਕੇ ਮਾਸਟਰ ਅਮਰੀਕ ਸਿੰਘ, ਰਾਜਕੁਮਾਰ ਗੌਤਮ, ਅਮਨ ਗੌਤਮ, ਰਿਸ਼ੀ ਸੂਦ, ਪਵਨ ਗੌਤਮ, ਰਿਸ਼ੂ ਹਾਂਡਾ, ਰਿਸ਼ੂ ਬਾਹਰੀ, ਸੰਜੂ ਕਪੂਰ, ਵਿੱਕੀ ਭਾਰਦਵਾਜ, ਗੌਰਾਂਸ਼, ਕਰਨ ਸੂਦ, ਯੁਵਰਾਜ ਸ਼ਰਮਾ, ਮੋਹਿਤ ਸ਼ਰਮਾ ਸਮੇਤ ਬਹੁਤ ਸਾਰੇ ਸ਼ਰਧਾਲੂ ਹਾਜ਼ਰ ਸਨ।



# ਸਾਹਿਤ ਸਭਾ ਕਰਤਾਰਪੁਰ ਵਲੋਂ ਆਸ਼ੀ ਈਸਪੁਰੀ ਦੀ ਕਿਤਾਬ ਰੀਲੀਜ਼ ਕੀਤੀ

**ਕਰਤਾਰਪੁਰ (ਜਸਵੰਤ ਵਰਮਾ,ਦਿਨੇਸ਼ ਕੁਮਾਰ )**ਮੁਹੱਲਾ ਰਿਸ਼ੀ ਨਗਰ ਵਿੱਚ ਲੇਖਕ ਅਸ਼ੀ ਈਸਪੁਰੀ ਦੀ ਕਿਤਾਬ ਨੂੰ ਜਾਰੀ ਕਰਨ ਲਈ ਇੱਕ ਪ੍ਰੋਗਰਾਮ ਆਯੋਜਿਤ ਕੀਤਾ ਗਿਆ, ਜਿਸ ਵਿੱਚ ਅੱਜ ਅਸ਼ੋਕ ਮੱਟੂ ਅਤੇ ਦਰਸ਼ਨ ਸਿੰਘ ਨੰਦਰਾ ਪ੍ਰਧਾਨ ਦੀ ਨਿਗਰਾਨੀ ਹੇਠ ਇੱਕ ਪ੍ਰੋਗਰਾਮ ਆਯੋਜਿਤ ਕੀਤਾ ਗਿਆ, ਜਿਸ ਦੇ ਮੁੱਖ ਮਹਿਮਾਨ ਕਾਂਗਰਸੀ ਆਗੂ ਅਤੇ ਸਮਾਜ ਸੇਵਕ ਹੀਰਾ ਲਾਲ ਖੋਸਲਾ ਸਨ। ਲਾਲੀ ਕਰਤਾਰਪੁਰੀ, ਸੋਢੀਸੱਤੋਵਾਲੀਆਂ, ਸੰਜੀਵ ਅਗਰਵਾਲ, ਦਿਨਕਰ ਸਿੰਘ, ਅਸ਼ੋਕ ਕੁਮਾਰ, ਜਗਦੀਸ਼ ਸਹੋਤਾ, ਪੂਜਾ ਦਾਦਰ, ਦਲਵੀਰ ਹਸਨਮੁੰਡਾ, ਮੀਨੂੰ ਬਾਵਾ, ਮੁਸਾਫਿਰ ਪ੍ਰਵੀਨ ਆਦਿ ਸਮੇਤ ਵਿਧਾਨ ਸਭਾ ਦੇ ਮੈਂਬਰਾਂ ਵੱਲੋਂ ਸਵਾਗਤ ਕੀਤਾ ਗਿਆ।ਉਸ ਤੋਂ ਬਾਅਦ ਲੇਖਕ ਆਸ਼ੀ ਈਸਪੁਰੀ ਦੀ ਕਿਤਾਬ "ਕਿਉ ਕਿੱਦਾ ਰਹੀ" ਮੁੱਖ ਮਹਿਮਾਨ ਹੀਰਾਲਲ ਖੋਸਲਾ ਦੁਆਰਾ ਰਿਬਨ ਕੱਟ ਕੇ ਰਿਲੀਜ਼ ਕੀਤੀ ਗਈ, ਸਾਰਿਆਂ ਨੇ ਅਸ਼ੀ ਈਸਪੁਰੀ ਨੂੰ ਵਧਾਈ ਦਿੱਤੀ।



# ਏ ਐੱਸ ਆਈ ਠਾਕੁਰ ਰਾਕੇਸ਼ ਕੁਮਾਰ ਨੇ ਨੌਜਵਾਨਾਂ ਨੂੰ ਨਸ਼ਿਆਂ ਅਤੇ ਗੈਂਗਸਟਰਾ ਤੋਂ ਦੂਰੀ ਬਣਾਉਣ ਅਤੇ ਸਮਾਜ ਹਿਤ ਵਿੱਚ ਕਾਰਜ ਕਰਨ ਲਈ ਪ੍ਰੇਰਿਤ ਕੀਤਾ



**ਹਾਜੀਪੁਰ (ਜਸਵੀਰ ਸਿੰਘ ਪੁਰੇਵਾਲ)** ਹਾਜੀਪੁਰ ਪੁਲਿਸ ਵਲੋਂ ਨੌਜਵਾਨਾਂ ਨੂੰ ਭੈੜੀ ਸੰਗਤ ਤੋਂ ਦੂਰ ਰੱਖਣ ਦੇ ਮਕਸਦ ਨਾਲ ਅਤੇ ਉਹਨਾਂ ਨੂੰ ਸਮਾਜ ਹਿੱਤ ਵਿੱਚ ਕਾਰਜ ਕਰਨ ਦੇ ਲਈ ਪ੍ਰੇਰਿਤ ਕਰਨ ਲਈ ਛੇੜੀ ਗਈ ਮੁਹਿੰਮ ਤਹਿਤ ਹਾਜੀਪੁਰ ਦੇ ਦਾਣਾ ਮੰਡੀ ਵਿੱਚ ਨੌਜਵਾਨਾਂ ਦੇ ਇੱਕ ਵੱਡੇ ਇਕੱਠ ਨੂੰ ਹਾਜੀਪੁਰ ਥਾਣਾ ਦੇ ਏ ਐੱਸ ਆਈ ਠਾਕੁਰ ਰਾਕੇਸ਼ ਕੁਮਾਰ ਨੇ ਨੌਜਵਾਨਾਂ ਨੂੰ ਨਸ਼ਿਆਂ ਅਤੇ ਨਸ਼ੇ ਦਾ ਕਾਰੋਵਰ ਕਰਨ ਵਾਲਿਆਂ ਅਤੇ ਗੈਂਗਸਟਰਾਂ ਤੋਂ ਦੂਰੀ ਬਣਾਉਂਦੇ ਹੋਏ ਸਮਾਜ ਦੀ ਭਲਾਈ ਲਈ ਕੰਮ ਕਰਨ ਅਤੇ ਖੇਡਾਂ ਵਿੱਚ ਰੁਚੀ ਰੱਖਦੇ ਹੋਏ ਆਪਣੇ ਅਤੇ ਆਪਣੇ ਮਾਪਿਆਂ ਦਾ ਨਾਂ ਰੋਸ਼ਨ ਕਰਦੇ ਹੋਏ ਆਪਣਾ ਵਧੀਆ ਜੀਵਨ ਜੀਣ ਲਈ ਪ੍ਰੇਰਿਤ ਕੀਤਾ। ਉਹਨਾਂ ਕਿਹਾ ਕਿ ਨਸ਼ਿਆਂ ਵਿੱਚ ਕੁਝ ਨਹੀਂ ਰੱਖਿਆ ਹੈ। ਇਸ ਸਾਡੇ ਸ਼ਰੀਰ ਅਤੇ ਸਮਾਜ ਨੂੰ ਖੋਖਲਾ ਕਰਦਾ ਹੈ। ਉਹਨਾਂ ਕਿਹਾ ਕਿ ਕੁਝ ਨੌਜਵਾਨ ਗੈਂਗਸਟਰਾਂ ਦੀਆ ਮਿੱਠੀਆਂ ਗੱਲਾਂ ਵਿੱਚ ਆ ਕੇ ਉਹਨਾਂ ਵਿਚ ਸ਼ਮਿਲ ਹੋ ਕੇ ਗਲਤ ਕਰਵਾਇਆ ਵਿੱਚ ਸ਼ਮਿਲ ਹੋ ਜਾਂਦੇ ਹਨ।ਉਹਨਾਂ ਕਿਹਾ ਕਿ ਗੈਂਗਸਟਰਾਂ ਦੀ ਜਿੰਦਗੀ ਬਹੁਤ ਛੋਟੀ ਅਤੇ ਖਤਰਨਾਕ ਹੁੰਦੀ ਹੈ ਅਤੇ ਇਸ ਲਈ ਨੌਜਵਾਨਾਂ ਨੂੰ ਚਾਹੀਦਾ ਹੈ ਕਿ ਉਹ ਇਹਨਾਂ ਦੋਵਾਂ ਤੋਂ ਦੂਰੀ ਬਣਾਉਂਦੇ ਹੋਏ ਸਗੋਂ ਕੋਈ ਵਿਅਕਤੀ ਗਲਤ ਸੰਗਤ ਵਿੱਚ ਪੈਂਦਾ ਹੈ ਤਾਂ ਉਸ ਨੂੰ ਵੀ ਸਹੀਂ ਰਸਤੇ ਤੇ ਚਲਣ ਲਈ ਪ੍ਰੇਰਿਤ ਕੀਤਾ ਜਾਵੇ। ਉਹਨਾਂ ਕਿਹਾ ਕਿ ਪੁਲਿਸ ਹਮੇਸ਼ਾ ਨੌਜਵਾਨਾਂ ਦੀ ਭਲਾਈ ਲਈ ਹੈ ਅਤੇ ਉਹ ਕਦੇ ਵੀ ਨਹੀਂ ਚਾਹੁੰਦੀ ਕਿ ਕੋਈ ਨੌਜਵਾਨ ਗਲਤ ਰਸਤੇ 'ਤੇ ਚਲੇ।

# ਭਾਰਤੀ ਰਾਜਦੂਤ ਸੰਧੂ ਵੱਲੋਂ ਵ੍ਹਾਈਟ ਹਾਊਸ ਵਿੱਚ ਨੌਜਵਾਨ ਆਗੂਆਂ ਨਾਲ ਮੁਲਾਕਾਤ

**ਵਾਸ਼ਿੰਗਟਨ।** ਅਮਰੀਕਾ ਵਿੱਚ ਭਾਰਤ ਦੇ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਕੱਲ੍ਹ ਵ੍ਹਾਈਟ ਹਾਊਸ ਵਿੱਚ ਨੌਜਵਾਨ ਨੇਤਾਵਾਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਕੂਟਨੀਤੀ ਦੀਆਂ ਗੁੰਝਲਾਂ ਉਤੇ ਅਤੇ ਦੁਨੀਆ ਦੇ ਸਭ ਤੋਂ ਪੁਰਾਣੇ ਲੋਕਤੰਤਰਾਂ ਵਿਚਾਲੇ ਸਬੰਧਾਂ ਬਾਰੇ ਚਰਚਾ ਕੀਤੀ।



ਤਰਨਜੀਤ ਸੰਧੂ ਨੇ ਟਵੀਟ ਕੀਤਾ, 'ਆਈਜ਼ਨਹਾਵਰ ਐਗਜ਼ੀਕਿਊਟਿਵ ਆਫ਼ਿਸ ਬਿਲਡਿੰਗ ਵਿੱਚ ਵ੍ਹਾਈਟ ਹਾਊਸ ਦੇ ਸਾਥੀਆਂ ਨਾਲ ਗੱਲਬਾਤ ਵਧੀਆ ਰਹੀ।' ਇਹ ਬਿਲਡਿੰਗ ਵ੍ਹਾਈਟ ਹਾਊਸ ਕੰਪਲੈਕਸ ਦਾ ਹਿੱਸਾ ਹੈ। ਉਨ੍ਹਾਂ ਨੇ ਕਿਹਾ, 'ਵੱਖ-ਵੱਖ ਖੇਤਰਾਂ ਵਿੱਚ ਉਭਰਦੇ ਨੌਜਵਾਨ ਅਮਰੀਕੀ ਨੇਤਾਵਾਂ ਦੇ ਇਸ ਗਰੁੱਪ ਨਾਲ ਕੂਟਨੀਤੀ, ਭਾਰਤ-ਅਮਰੀਕਾ ਸਬੰਧਾਂ ਬਾਰੇ, ਖੇਤਰੀ ਵਿਕਾਸ, ਸਿਹਤ ਦੇਖਭਾਲ, ਊਰਜਾ, ਵਾਤਾਵਰਨ ਅਤੇ ਸਿੱਖਿਆ ਤੋਂ ਲੈ ਕੇ ਕਈ ਵਿਸ਼ਿਆ ਬਾਰੇ ਗੱਲਬਾਤ ਹੋਈ ਹੈ।' ਵਰਨਣ ਯੋਗ ਹੈ ਕਿ 'ਵ੍ਹਾਈਟ ਹਾਊਸ ਫੈਲੋਸ਼ਿਪ' ਦੀ ਸ਼ੁਰੂਆਤ 1964 ਵਿੱਚ ਹੋਈ ਸੀ, ਜਿਸ ਵਿੱਚ ਨੌਜਵਾਨ ਨੇਤਾਵਾਂ ਨੂੰ ਸਰਕਾਰ ਦੇ ਸਿਖਰਲੇ ਪੱਧਰਾਂ ਉੱਤੇ ਕੰਮ ਕਰਨ ਦਾ ਤਜ਼ਰਬਾ ਦੇਣ ਲਈ ਫੈਡਰਲ ਸਰਕਾਰ ਵਿੱਚ ਸ਼ਾਮਲ ਕੀਤਾ ਜਾਂਦਾ ਹੈ। ਇਸ ਪਹਿਲ ਦਾ ਮੁੱਖ ਹਿੱਸਾ ਸਿੱਖਿਆ ਪ੍ਰੋਗਰਾਮ ਹੈ, ਜਿਸ ਵਿੱਚ ਸਮਾਜ ਦੀਆਂ ਮੁੱਖ ਸ਼ਖ਼ਸੀਅਤਾਂ ਇਨ੍ਹਾਂ ਨੌਜਵਾਨਾਂ ਨਾਲ ਮੁਲਾਕ-ਾਤ ਕਰਦੀਆਂ ਹਨ। ਇਸ ਤੋਂ ਪਹਿਲਾਂ ਸਾਬਕਾ ਵਿਦੇਸ਼ ਮੰਤਰੀ ਕੌਲਿਨ ਪਾਵੇਲ ਵਰਗੇ ਵੱਡੇ ਨੇਤਾ ਇਨ੍ਹਾਂ ਨੂੰ ਸੰਬੋਧਨ ਕਰ ਚੁੱਕੇ ਹਨ। ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੇ ਸੱਤਾ ਸੰਭਾਲਣ ਮਗਰੋਂ ਤਰਨਜੀਤ ਸੰਧੂ ਪਹਿਲੀ ਅਜਿਹੀ ਸ਼ਖ਼ਸੀਅਤ ਹਨ, ਜਿਨ੍ਹਾਂ ਨੂੰ ਇਸ ਮੁਲਾਕਾਤ ਲਈ ਬੁਲਾਇਆ ਗਿਆ ਹੈ। ਇਸ ਤੋਂ ਪਹਿਲਾਂ ਸੀ ਐਨ ਐਨ ਦੇ ਡਾ. ਸੰਜੈ ਗੁਪਤਾ, ਈ ਵੀ ਪੀ ਵੈਕਸੀਨ ਦੇ ਰਾਜੀਵ ਵੈਕੱਈਆ ਆਦਿ ਕਈ ਅਹਿਮ ਭਾਰਤੀ-ਅਮਰੀਕੀ ਵੀ ਇਸ ਗੱਲਬਾਤ ਲਈ ਚੁਣੇ ਜਾ ਚੁੱਕੇ ਹਨ। ਫਲੋਰਿਡਾ ਵਿਚਲੀ ਭਾਰਤੀ-ਅਮਰੀਕੀ ਪ੍ਰਿਆ ਡਾਂਡੀਆ ਨੂੰ 2020-21 ਦੀ ਵ੍ਹਾਈਟ ਹਾਊਸ ਫੈਲੋਸ਼ਿਪ ਲਈ ਚੁਣਿਆ ਗਿਆ ਹੈ।

## ਜਨਮ ਦਿਨ ਤੇ ਵਧਾਈ



ਦੀਪੀਕਾ ਝਮਟ ਪੁੱਤਰੀ ਨਰਿੰਦਰ ਝਮਟ, ਸੁਖਵਿੰਦਰ ਕੌਰ ਵਾਸੀ ਦਿਆਲਪੁਰ ਗੇਟ ਕਰਤਾਰਪੁਰ ਨੂੰ ਜਨਮ ਦਿਨ ਤੇ ਵਰਲਡ ਪੰਜਾਬੀ ਨਿਊਜ਼ ਵਲੋਂ ਬਹੁਤ ਬਹੁਤ ਵਧਾਈ।